Postal No.-- G/CHD/0111/2018-2020

Regd No. 32212/78

# ਲੁਬਾਣਾ ਸੇਵਕ

ਨਵੰਬਰ 2018 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਦੇਸ਼-ਵਿਦੇਸ਼ ਦੀ ਸਮੂਹ ਸੰਗਤ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਦੀਆਂ ਲੱਖ-ਲੱਖ ਵਧਾਈਆਂ !



ਹਿੰਦ ਕੋ ਏਕ ਮਰਦੇ-ਕਾਮਲ ਨੇ ਜਗਾਇਆ ਖ਼ਾਬ ਸੇ

## ਵਡਾ ਪੁਰਖੁ ਪਰਗਟਿਆ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# "ਗੁਰੂ ਨਾਨਕ ਜਿਨ ਸੁਣਿਆ ਪੇਖਿਆ"



ਗੁਰੂ ਨਾਨਕ ਸਾਹਿਬ ਦਾ ਜਨਮ 15 ਅਪ੍ਰੈਲ 1469 ਈ: ਨੂੰ ਅਜੋਕੇ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖ਼ੂਪੁਰਾ ਦੇ ਪਿੰਡ ਤਲਵੰਡੀ ਵਿਖੇ ਬਾਬਾ ਕਲਿਆਨ ਦਾਸ ਉਰਫ਼ ਮਹਿਤਾ ਕਾਲੂ (ਪਟਵਾਰੀ) ਅਤੇ ਮਾਤਾ ਤ੍ਰਿਪਤਾ ਦੇ ਗ੍ਰਹਿ ਵਿਖੇ ਹੋਇਆ। ਇਸ ਪਿੰਡ ਨੂੰ ਨਨਕਾਣਾ ਸਾਹਿਬ ਵੀ ਕਿਹਾ ਜਾਂਦਾ ਹੈ। ਲਾਹੌਰ ਦੀ ਦੱਖਣ-ਪੱਛਮੀ ਬਾਹੀ ਵਿਚ ਲਗਭਗ 42 ਮੀਲ ਦੀ ਦੂਰੀ ਤੇ ਸਥਿਤ ਹੈ। ਜਿਸ ਕਾਲ ਵਿਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਉਹ ਕਾਲ ਦੁਨੀਆਂ ਦੇ ਧਾਰਮਿਕ ਇਤਿਹਾਸ ਵਿਚ ਬਹੁਤ ਅਹਿਮਤਰੀਨ ਕਾਲ ਹੈ।

ਗੁਰੂ ਨਾਨਕ ਸਾਹਿਬ ਜੀ ਨੂੰ 7 ਸਾਲ ਦੀ ਉਮਰ ਵਿਚ ਗੋਪਾਲ ਪੰਡਿਤ ਪਾਸੋਂ ਹਿੰਦੀ ਅਤੇ ਬਰਿਜ ਲਾਲ ਪਾਸੋਂ ਸੰਸਕ੍ਰਿਤ ਪੜ੍ਹਨ ਹਿੱਤ ਭੇਜਿਆ ਗਿਆ। 13 ਸਾਲ ਦੀ ਉਮਰ ਵਿਚ ਗੁਰੂ ਜੀ ਨੂੰ ਫ਼ਾਰਸੀ ਤਾਲੀਮ ਸਿੱਖਣ ਲਈ ਮੌਲਵੀ ਕੁਤਬਦੀਨ ਪਾਸ ਵੀ ਭੇਜਿਆ ਗਿਆ। ਆਪ ਜੀ ਨੇ ਜਿੱਥੇ ਉਪਰੋਕਤ ਉਸਤਾਦਾਂ ਪਾਸੋਂ ਸੰਸਾਰੀ ਸਿੱਖਿਆ ਹਾਸਿਲ ਕੀਤੀ ਉੱਥੇ ਉਨ੍ਹਾਂ ਉਸਤਾਦਾਂ ਨੂੰ ਸੱਚੀ ਸਿੱਖਿਆ (ਰੱਬੀ ਗਿਆਨ) ਦਾ ਪਾਠ ਵੀ ਪੜ੍ਹਾਇਆ। ਆਪਣੇ ਸਾਥੀਆਂ ਨੂੰ ਵੀ ਗੁਰੂ ਸਾਹਿਬ ਨੇ ਸੱਚ ਅਤੇ ਪ੍ਰਮਾਤਮਾ ਦੀ ਸਿੱਖਿਆ ਨਾਲ ਜੋੜਿਆ। ਜਦੋਂ ਗੁਰੂ ਸਾਹਿਬ ਅਜੇ 10-11 ਸਾਲ ਦੇ ਹੀ ਸਨ ਉਨ੍ਹਾਂ ਦਾ ਨਖੇੜਾ ਜਾਤਹੀਨ ਸ਼ੂਦਰਾਂ ਤੋਂ ਕਰਨ ਲਈ ਪਰੋਹਿਤ ਨੇ ਜਨੇਊ ਪਹਿਨਾਉਣ ਦੇ ਬਹੁਤ ਯਤਨ ਕੀਤੇ। ਪਰ ਆਪ ਤਾਂ ਜਗਤ-ਜਲਦੇ ਨੂੰ ਤਾਰਨ ਹਿੱਤ ਧੁਰੋਂ ਪਧਾਰੇ ਹੋਏ ਗੁਰੂ ਸਨ। ਇਸ ਲਈ ਉਨ੍ਹਾਂ ਨੇ ਬ੍ਰਾਹਮਣ ਨੂੰ ਗੁਰੂ (ਜਨੇਊ) ਧਾਰਨ ਤੋਂ ਇਨਕਾਰ ਕਰ ਦਿੱਤਾ। ਇਸ ਮੌਕੇ ਤੇ ਗੁਰੂ ਜੀ ਵੱਲੋਂ ਇਹ ਸ਼ਬਦ ਉਚਾਰਿਆ ਗਿਆ:

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ।।**

**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ।।**

ਪਿੰਡ ਤਲਵੰਡੀ ਦੇ ਵਸਨੀਕ ਭਾਈ ਮਰਦਾਨਾ ਜੋ ਮੁਸਲਮਾਨ ਮਰਾਸੀ ਸਨ, ਗੁਰੂ ਸਾਹਿਬ ਦੇ ਬਹੁਤ ਪਿਆਰੇ ਮਿੱਤਰ ਸਨ। ਬਤੌਰ ਰਬਾਬੀ ਉਹ ਗੁਰੂ ਨਾਨਕ ਸਾਹਿਬ ਜੀ ਨਾਲ 6 ਦਹਾਕਿਆਂ ਤੱਕ ਰਹੇ ਸਨ।

18 ਸਾਲ ਦੀ ਉਮਰ ਵਿਚ ਗੁਰੂ ਨਾਨਕ ਸਾਹਿਬ ਜੀ ਦਾ ਅਨੰਦ ਕਾਰਜ ਬਕਾਲੇ ਸ਼ਹਿਰ ਦੇ ਰਹਿਣ ਵਾਲੇ ਸ਼੍ਰੀ ਮੂਲ ਚੰਦ ਦੀ ਪੁੱਤਰੀ ਸੁਲੱਖਣੀ ਨਾਲ ਹੋਇਆ। ਇਸ ਬੰਧਨ ਦੇ ਮੌਕੇ ਕੁਝ ਸ਼ਰਾਰਤੀ ਪੁਰੋਹਿਤ ਨੇ ਗੁਰੂ ਜੀ ਉੱਪਰ ਕੱਚੀ ਕੰਧ ਡੇਗਣ ਦੀ ਵਿਉਂਤਵੰਦੀ ਕੀਤੀ ਸੀ, ਪਰ ਦਿਲਾਂ ਦੀ ਬੁਝਣ ਵਾਲੇ ਨਾਨਕ ਸਾਹਿਬ ਜੀ ਨੇ ਉਹਨਾਂ ਦੀ ਵਿਉਂਤ ਹਮੇਸ਼ਾਂ ਲਈ ਫੇਲ ਕਰ ਦਿੱਤੀ, ਇਹ ਕੰਧ ਅਜੇ ਵੀ ਬਟਾਲੇ ਵਿਚ ਯਾਦਗਰ ਦੇ ਤੌਰ ਤੇ ਕਾਇਮ ਹੈ। ਆਪ ਜੀ ਦੇ ਘਰ ਦੋ ਪੁੱਤਰ ਬਾਬਾ ਸ਼੍ਰੀ ਚੰਦ ਤੇ ਲੱਖਮੀ ਦਾਸ ਜੀ ਪੈਦਾ ਹੋਏ।

35 ਸਾਲ ਦੀ ਉਮਰ ਵਿਚ ਗੁਰੂ ਸਾਹਿਬ ਆਪਣੀ ਭੈਣ ਨਾਨਕੀ ਦੇ ਗ੍ਰਹਿ ਸੁਲਤਾਨਪੁਰ ਵਿਖੇ ਪਹੁੰਚ ਗਏ। ਇੱਥੇ ਆਪ ਨਵਾਬ ਦੌਲਤ ਖਾਂ ਲੋਧੀ ਦੇ ਮੋਦੀ ਬਣ ਗਏ। ਇੱਥੇ ਆਪ ਜੀ ਨੇ ਰਿਸ਼ਵਤਖੋਰੀ ਬੰਦ ਕਰਵਾਈ ਅਤੇ ਗ਼ਰੀਬਾਂ, ਅਮੀਰਾਂ ਨੂੰ ਇੱਕੋ ਜਿਹਾ ਇਨਸਾਫ ਦਿੱਤਾ। 1507 ਈ: ਵਿਚ ਗੁਰੂ ਨਾਨਕ ਸਾਹਿਬ ਜੀ ਵੱਲੋਂ ਜਗਤ ਜਲੰਦੇ ਦੇ ਸੁਧਾਰ ਹਿੱਤ ਇਕਾਂਤਵਾਸ ਕੀਤਾ ਇਸ ਇਕਾਂਤਵਾਸ ਤੋਂ ਬਾਅਦ ਉਨ੍ਹਾਂ ਨੇ ਭਟਕੀ ਹੋਈ ਲੁਕਾਈ ਨੂੰ ਇੱਕ ਨਵੀਨ ਨਾਅਰਾ "ਨਾ ਕੋਇ ਹਿੰਦੂ ਨਾ ਮੁਸਲਮਾਨ" ਦਿੱਤਾ, ਇਸ ਨਾਅਰੇ ਨੂੰ ਬੁਲੰਦ ਕਰਨ ਲਈ ਗੁਰੂ ਸਾਹਿਬ ਨੇ ਵੱਖ-ਵੱਖ ਖੇਤਰਾਂ ਵਿਚ ਬਹੁਤ ਵੱਡੇ-ਵੱਡੇ ਦੌਰੇ ਕੀਤੇ। ਜਿਨ੍ਹਾਂ ਨੂੰ ਸਿੱਖ ਇਤਿਹਾਸ ਵਿਚ ਉਦਾਸੀਆਂ ਦੇ ਨਾਮ ਨਾਲ ਸਤਿਕਾਰਿਆ ਜਾਂਦਾ ਹੈ। ਸਭ ਉਦਾਸੀਆਂ ਵਿਚ ਭਾਈ ਮਰਦਾਨਾ ਜੀ ਉਹਨਾਂ ਦੇ ਨਾਲ ਸਨ।

ਪਹਿਲੀ ਉਦਾਸੀ ਦਾ ਸਮਾਂ ਲਗਭਗ 8 ਸਾਲ ਦਾ ਸੀ। ਇਸ ਉਦਾਸੀ ਦੌਰਾਨ ਆਪ ਸਭ ਤੋਂ ਪਹਿਲਾਂ ਐਮਨਾਬਾਦ ਜੋ ਤਲਵੰਡੀ ਤੋਂ ਲਗਭਗ 60 ਕਿ.ਮੀ. ਦੀ ਦੂਰੀ ਤੇ ਹੈ ਪਹੁੰਚੇ। ਇੱਥੇ ਆਪ ਧਰਮ ਦੀ ਕਿਰਤ ਕਰਨ ਵਾਲੇ ਇੱਕ ਅਤਿ ਗਰੀਬੜੇ ਮਨੁੱਖ ਭਾਈ ਲਾਲੋ ਦੇ ਘਰ ਠਹਿਰੇ ਭਾਵੇਂ ਬ੍ਰਾਹਮਣਾਂ ਨੇ ਇਸ ਗਲ ਦਾ ਬੁਰਾ ਮਨਾਇਆ, ਪਰ ਉਨ੍ਹਾਂ ਤੇ ਕੋਈ ਅਸਰ ਨਹੀਂ ਸੀ। ਹਰਿਦੁਆਰ ਵਿਖੇ ਵਿਸਾਖੀ ਦਾ ਪੁਰਬ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਗੰਗਾ ਵਿਚ ਲੋਕ ਇਸ਼ਨਾਨ ਕਰਦੇ ਹਨ ਅਤੇ ਸੂਰਜ ਰਾਹੀਂ ਆਪਣੇ ਪਿੱਤਰਾਂ ਨੂੰ ਪਾਣੀ ਪਹੁੰਚਾਂਦੇ ਹਨ। ਗੁਰੂ ਜੀ ਨੇ ਇੱਥੇ ਨਾਟਕੀ ਢੰਗ ਨਾਲ ਅਜਿਹੇ ਵਿਚਾਰਾਂ ਨੂੰ ਤਿਲਾਂਜਲੀ ਦੇਣ ਦਾ ਉਪਦੇਸ਼ ਦਿੱਤਾ। ਪੀਲੀਭੀਤ ਤੋਂ 20 ਕਿਲੋਮੀਟਰ ਦੂਰ ਗੋਰਖ ਮਤਾ ਜੋ ਗੋਰਖਨਾਥ ਦੇ ਚੇਲਿਆਂ ਦਾ ਗੜ੍ਹ ਸੀ ਇੱਥੇ ਪਹੁੰਚ ਕੇ ਜੋਗੀਆਂ ਨੂੰ ਸੱਚ ਤੋਂ ਜਾਣੂ ਕਰਵਾਇਆ। ਗੁਰੂ ਜੀ ਦੀ ਆਮਦ ਸਦਕਾ ਇਸ ਅਸਥਾਨ ਦਾ ਨਾਂ ਗੋਰਖ ਮਤੇ ਤੋਂ ਤਬਦੀਲ ਹੋ ਕੇ ਨਾਨਕ ਮਤਾ ਪੈ ਗਿਆ। ਦਿਵਾਲੀ ਵਾਲੇ ਦਿਨ ਗੁਰੂ ਜੀ ਅਯੁਧਿਆ ਪਹੁੰਚੇ ਅਤੇ ਬੈਰਾਗੀਆਂ ਨੂੰ ਮੂਰਤੀ ਪੂਜਾ ਤਿਆਗ ਕੇ ਅਕਾਲ ਪੁਰਖ ਦੀ ਪੂਜਾ ਵੱਲ ਲੱਗਣ ਲਈ ਉਪਦੇਸ਼ ਦਿੱਤਾ।

ਗੁਰੂ ਸਾਹਿਬ ਇਲਾਹਾਬਾਦ ਪਹੁੰਚੇ ਅਤੇ ਉਪਦੇਸ਼ ਦਿੱਤਾ ਕਿ ਤੀਰਥ ਇਸ਼ਨਾਨ ਦਾ ਪ੍ਰਭੂ ਦੀ ਭਗਤੀ ਨਾਲ ਕੋਈ ਬਰਾਬਰੀ ਨਹੀਂ ਹੈ ਕਿਉਂਕਿ ਇਸ਼ਨਾਨ ਸਿਰਫ ਤਨ ਦੀ ਮੈਲ ਉਤਾਰਦਾ ਹੈ ਮਨ ਦੀ ਨਹੀਂ। ਸੱਚਾ ਤੀਰਥ ਤਾਂ ਗੁਰੂ ਆਪ ਹੈ ਜਿਸ ਦੀ ਸਿੱਖਿਆ ਰੂਪੀ ਨਦੀ ਵਿਚ ਨਹਾ ਕੇ ਜੀਵ ਮੁਕਤੀ ਪ੍ਰਾਪਤ ਕਰ ਸਕਦਾ ਹੈ। ਬਨਾਰਸ ਪਹੁੰਚ ਕੇ ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਮੁਕਤੀ ਕਿਸੇ ਵਿਸ਼ੇਸ਼ ਥਾਂ ਤੇ ਮਰਨ ਨਾਲ ਨਹੀਂ ਸਗੋਂ ਚੰਗੇ ਕਰਮਾਂ ਨਾਲ ਮਿਲਦੀ ਹੈ। ਬਨਾਰਸ ਵਿਚੋਂ ਗੁਰੂ ਸਾਹਿਬ ਜੀ ਨੇ ਭਗਤ ਕਬੀਰ, ਭਗਤ ਰਵਿਦਾਸ ਅਤੇ ਰਾਮਾਨੰਦ ਜੀ ਦੀ ਬਾਣੀ ਪ੍ਰਾਪਤ ਕੀਤੀ। ਗਯਾ ਬਿਹਾਰ ਪ੍ਰਾਂਤ ਵਿਚ ਫਲਗੂ ਨਦੀ ਦੇ ਕੰਢੇ ਸਥਿਤ ਹੈ। ਲੋਕ ਆਪਣੇ ਪਿੱਤਰਾਂ ਦੀ ਗਤੀ ਲਈ ਦਾਨ ਪੁੰਨ ਕਰਨ ਲਈ ਆਉਂਦੇ ਸਨ। ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਮੌਤ ਪਿੱਛੋਂ ਕੀਤੀਆਂ ਜਾਣ ਵਾਲੀਆਂ ਰਸਮਾਂ ਦਾ ਵਿਛੜੀ ਆਤਮਾਂ ਨੂੰ ਕੋਈ ਲਾਭ ਨਹੀਂ ਪਹੁੰਚਦਾ।

ਬਿਹਾਰ ਪ੍ਰਾਂਤ ਤੋਂ ਬਾਅਦ ਗੁਰੂ ਸਾਹਿਬ ਆਸਾਮ ਪਹੁੰਚੇ ਅਤੇ ਗੁਰੂ ਜੀ ਨੇ ਲੋਕਾਂ ਨੂੰ ਉਪਦੇਸ ਦਿੱਤਾ ਕਿ ਨਸ਼ਿਆਂ ਅਤੇ ਆਚਰਨਹੀਣ ਕੰਮਾਂ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ। ਢਾਕੇ ਵਿਚ ਗੁਰੂ ਜੀ ਨੇ ਭਗਤ ਜੈ ਦੇਵ ਜੀ ਦੇ ਸ਼ਬਦ ਪ੍ਰਾਪਤ ਕੀਤੇ। ਜਗਨਨਾਥ ਵਿਚ ਜਦੋਂ ਆਰਤੀ ਵਿਚ ਸ਼ਾਮਿਲ ਹੋਣ ਤੋਂ ਨਾਂਹ ਕੀਤੀ ਤਾਂ ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਪ੍ਰਮਾਤਮਾ ਦਿਖਾਵੇ ਦੀ ਆਰਤੀ ਨਾਲ ਖੁਸ਼ ਨਹੀਂ ਹੁੰਦਾ, ਸਗੋਂ ਉਸ ਦੀ ਸੱਚੀ ਆਰਤੀ ਤਾਂ ਉਸ ਦੇ ਭਾਣੇ ਵਿਚ ਰਹਿ ਕੇ ਸਰਬੱਤ ਦਾ ਭਲਾ ਸੋਚਣਾ ਹੈ। ਜਗਨਨਾਥ ਪੁਰੀ ਤੋਂ ਬਾਅਦ ਗੁਰੂ ਜੀ ਭੀਲਾ ਦੇ ਇਲਾਕੇ ਵਿਚ ਪਹੁੰਚ ਗਏ। ਗੁਰੂ ਜੀ ਦੇ ਦਰਸ਼ਨ ਅਤੇ ਉਪਦੇਸ਼ ਸੁਣ ਕੇ ਕੌਡਾ ਨਿਹਾਲ ਹੋ ਗਿਆ ਅਤੇ ਭਾਈ ਮਰਦਾਨੇ ਨੂੰ ਛੱਡ ਦਿੱਤਾ। ਇਸ ਉਦਾਸੀ ਦੌਰਾਨ ਗੁਰੂ ਜੀ ਸ਼੍ਰੀ ਲੰਕਾ ਤੋਂ ਬਾਅਦ ਦਿੱਲੀ ਪਹੁੰਚੇ ਅਤੇ ਜਮੁਨਾ ਨਦੀ ਕਿਨਾਰੇ ਮਜਨੂੰ ਭਗਤ ਨੂੰ ਮਿਲੇ ਜਿੱਥੇ ਗੁਰਦੁਆਰਾ ਮਜਨੂੰ ਟਿਲਾ ਸੁਸ਼ੋਭਿਤ ਹੈ।

ਦੂਜੀ ਉਦਾਸੀ ਗੁਰੂ ਸਾਹਿਬ ਹਿੰਦੂ ਤੀਰਥ ਅਸਥਾਨਾਂ ਅਤੇ ਸਿੱਧ ਜੋਗੀਆਂ ਦੇ ਠਿਕਾਣਿਆਂ ਵੱਲ, ਜੋ ਸੁਮੇਰ ਪਰਬਤ, ਜੰਮੂ ਕਸ਼ਮੀਰ (ਰਘੁਨਾਥ ਮੰਦਿਰ) ਆਦਿ ਸੀ। ਤੀਜੀ ਉਦਾਸੀ ਮੁਸਲਮਾਨੀ ਮੱਤ ਦੇ ਧਾਰਮਿਕ ਸਥਾਨਾਂ ਵੱਲ ਸੀ। ਇਹ ਉਦਾਸੀ ਤਿੰਨ ਸਾਲ ਚਲਦੀ ਰਹੀ ਇਸ ਉਦਾਸੀ ਵਿਚ ਇਸਲਾਮ ਧਰਮ ਦੇ ਪੀਰਾਂ ਫਕੀਰਾਂ, ਮੌਲਵੀਆਂ ਅਤੇ ਹੋਰ ਪੈਰੋਕਾਰਾਂ ਨੂੰ ਅਲ੍ਹਾ ਤੋਂ ਦੂਰ ਲਿਜਾਣ ਵਾਲੇ ਵਿਚਾਰ ਅਤੇ ਵਿਵਹਾਰ ਤੋਂ ਪ੍ਰਹੇਜ ਕਰਨ ਦਾ ਉਪਦੇਸ਼ ਦਿੱਤਾ। ਪਾਕਪਟਨ ਵਿਚ ਬਾਬਾ ਸ਼ੇਖ਼ ਫਰੀਦ ਦੇ 11ਵੇਂ ਗੱਦੀ ਨਸ਼ੀਨ ਬਾਬਾ ਸ਼ੇਖ਼ਬ੍ਰਹਮ ਨੂੰ ਮਿਲੇ ਅਤੇ ਬਾਬਾ ਫ਼ਰੀਦ ਦੀ ਬਾਣੀ ਪ੍ਰਾਪਤ ਕੀਤੀ। ਗੁਰੂ ਸਾਹਿਬ ਇਰਾਕ ਤੋਂ ਹੁੰਦੇ ਹੋਏ ਰਮਨ ਅਬਦਾਲ ਵਿਖੇ ਕਰਾਮਾਤੀ ਫ਼ਕੀਰ ਵਲੀ ਕੰਧਾਰੀ ਦਾ ਹੰਕਾਰ ਤੋੜਿਆ।

ਸੈਦਪੁਰ ਦੀ ਘਟਨਾ ਸੁਨਹਿਰੀ ਅੱਖਰਾਂ ਵਿਚ ਲਿਖੀ ਮਿਲਦੀ ਹੈ। ਬਾਬਰ ਦੇ ਹਮਲੇ ਵਿਚ ਗੁਰੂ ਸਾਹਿਬ ਜੀ ਮਰਦਾਨੇ ਸਮੇਤ ਕੈਦ ਹੋ ਗਏ ਸਨ। ਇਸ ਕੈਦ ਦੌਰਾਨ ਗੁਰੂ ਜੀ ਨੇ ਬਾਬਰ ਨੂੰ ਖ਼ਰੀਆਂ-ਖ਼ਰੀਆਂ ਸੁਣਾਈਆਂ ਸਨ। ਗੁਰੂ ਸਾਹਿਬ ਦੇ ਮੂੰਹੋਂ ਸੱਚ ਸੁਣ ਕੇ ਬਾਬਰ ਨੇ ਸਾਰੇ ਕੈਦੀਆਂ ਨੂੰ ਰਿਹਾ ਕਰਨ ਦੇ ਹੁਕਮ ਦੇ ਦਿੱਤੇ ਸਨ। ਗੁਰੂ ਨਾਨਕ ਸਾਹਿਬ ਜੀ ਨੂੰ ਦੁਨੀਆ ਭਰ ਦੀ ਲੋਕਾਈ ਦੇ ਨਾਲ ਹੋ ਰਹੇ ਧੱਕੇ ਅਤੇ ਬੇਇਨਸਾਫ਼ੀ ਦਾ ਇਲਮ ਸੀ। ਉਨ੍ਹਾਂ ਦੇ ਮਨ ਅੰਦਰ ਲੋਕਾਂ ਪ੍ਰਤੀ ਦਰਦ ਸੀ। ਇਸ ਦਰਦ ਨੂੰ ਵੰਡਾਉਣ ਲਈ ਉਨ੍ਹਾਂ ਦੇਸ਼ਾਂ-ਵਿਦੇਸ਼ਾਂ ਦਾ ਪੈਂਡਾ ਕੀਤਾ ਅਤੇ ਮਨੁੱਖਤਾ ਨੂੰ ਸਿੱਧੇ ਰਾਹ ਪਾਇਆ ਅਤੇ ਉਨ੍ਹਾਂ ਦੇ ਦੁੱਖ-ਦੂਰ ਕੀਤੇ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

## ਪੰਜਾਬੀ ਭਾਸ਼ਾ ਦੀਆਂ ਪ੍ਰਮੁੱਖ ਉਪਬੋਲੀਆਂ

ਮਾਝੀ, ਮਲਵਈ, ਦੁਆਬੀ, ਪੋਠੋਹਾਰੀ, ਡੋਗਰੀ, ਮੁਲਤਾਨੀ, ਪੁਆਧੀ, ਸ਼ਾਹਪੁਰੀ, ਝਾਂਗੀ, ਝਾਂਗਲੀ, ਪੇਸ਼ਾਵਰੀ, ਡੇਰਾਵਲੀ, ਜ਼ਾਫਰੀ, ਢਾਣੀ, ਰੋਹੀ, ਭੰਡਾਲੀ, ਰੇਅਸਤੀ, ਥਾਲੀ, ਵਿਦੇਸ਼ੀ ਆਦਿ ਪੰਜਾਬੀ ਦੀ ਉਪਬੋਲੀਆਂ ਹਨ।

1. **ਮਾਝੀ ਉਪਬੋਲੀ** - ਬਿਆਸ ਤੇ ਰਾਵੀ ਨਦੀ ਦੇ ਵਿਚਕਾਰਲੇ ਇਲਾਕੇ ਵਿਚ ਬੋਲੀ ਜਾਣ ਵਾਲੀ ਉਪਬੋਲੀ ਹੈ ਜਿਵੇਂ - ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ (ਭਾਰਤ) ਤੇ ਲਾਹੌਰ, ਫੈਸਲਾਬਾਦ, ਕਸੂਰ, ਸ਼ੇਖੂਪੁਰਾ, ਗੁਜਰਾਂਵਾਲਾ, ਸਿਆਲਕੋਟ (ਪਾਕਿਸਤਾਨ) ਆਦਿ।

2. **ਦੁਆਬੀ ਉਪਬੋਲੀ** - ਬਿਆਸ ਤੇ ਸਤਲੁਜ ਨਦੀ ਦੇ ਵਿਚਕਾਰਲੇ ਇਲਾਕੇ ਵਿਚ ਬੋਲੀ ਜਾਣ ਵਾਲੀ ਉਪਬੋਲੀ ਹੈ ਜਿਵੇਂ - ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਨਵਾਂਸ਼ਹਿਰ ਆਦਿ।

3. **ਮਲਵਈ ਉਪਬੋਲੀ** - ਸਤਲੁਜ ਨਦੀ ਤੇ ਘੱਗਰ ਨਦੀ ਦੇ ਵਿਚਕਾਰਲੇ ਇਲਾਕੇ ਵਿਚ ਬੋਲੀ ਜਾਣ ਵਾਲੀ ਉਪਬੋਲੀ ਹੈ। ਜਿਵੇਂ - ਲੁਧਿਆਣਾ, ਬਰਨਾਲਾ, ਮਾਨਸਾ, ਪਟਿਆਲਾ, ਬਠਿੰਡਾ, ਸੰਗਰੂਰ, ਫਤਿਹਗੜ੍ਹ ਸਾਹਿਬ, ਮੁਕਤਸਰ, ਫਰੀਦਕੋਟ, ਫਿਰੋਜ਼ਪੁਰ, ਫਾਜ਼ਿਲਕਾ (ਪੰਜਾਬ) ਤੇ ਹਿਸਾਰ, ਸਰਸਾ, ਅੰਬਾਲਾ, ਕੁਰੂਕਸ਼ੇਤਰ (ਹਰਿਆਣਾ) ਆਦਿ।

4. **ਪੁਆਧੀ** - ਰੂਪਨਗਰ, ਫਤਿਹਗੜ੍ਹ ਸਾਹਿਬ, ਪਟਿਆਲਾ (ਪੂਰਬੀ ਭਾਗ), ਮਲੇਰਕੋਟਲਾ, ਨਾਲਾਗੜ੍ਹ ਅਤੇ ਲੁਧਿਆਣਾ ਦੇ ਕੁਝ ਹਿੱਸੇ ਵਿਚ ਬੋਲੀ ਜਾਂਦੀ ਹੈ।

5. **ਮੁਲਤਾਨੀ ਉਪਬੋਲੀ** - ਮੁਲਤਾਨ, ਬਹਾਵਲਪੁਰ, ਡੇਰਾ ਗਾਜੀ ਖਾਂ, ਖਾਨੇਵਾਲ (ਪਾਕਿਸਤਾਨ) ਤੇ ਦਿੱਲੀ ਦੇ ਕੁਝ ਇਲਾਕੇ ਆਦਿ।

6. **ਪੋਠੋਹਾਰੀ ਉਪਬੋਲੀ** - ਇਸ ਨੂੰ ਪਹਾੜੀ ਬੋਲੀ ਵੀ ਕਿਹਾ ਜਾਂਦਾ ਹੈ ਜੋ ਕਿ ਮੁਜਫਰਾਬਾਦ, ਜੇਹਲਮ, ਰਾਵਲਪਿੰਡੀ (ਪਾਕਿਸਤਾਨ) ਆਦਿ ਖੇਤਰਾਂ ਵਿਚ ਬੋਲੀ ਜਾਂਦੀ ਹੈ।

7. **ਡੋਗਰੀ ਉਪਬੋਲੀ** - ਇਹ ਉਪਬੋਲੀ ਭਾਰਤ ਦੇ ਜੰਮੂ ਕਸ਼ਮੀਰ ਦੇ ਕਈ ਇਲਾਕਿਆਂ ਵਿਚ ਬੋਲੀ ਜਾਂਦੀ ਹੈ।

# ਲੁਬਾਣਾ ਸੇਵਕ



**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**Engineer Parminderjit Singh**
524, GMT Jalandhar
parminderjitsingh84@yahoo.com
M.: 99153-57524

**Co-Editor**
**S. Joginder Singh Ajaib, 421-A,**
Maharaja Ranjit Singh Avenue, Jalandhar-144009
M.: 98152-69145

**Prof. Jaswant Singh Ph.D.**
College Road, Begowal, Kapurthala
M.: 98724-66351

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940
Kashmir Singh Multani Maqsudan # 98150-01412



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰु. |
| ਜੀਵਨ ਮੈਂਬਰ ਪਰਦੇਸ | : | 7500 ਰु. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**

ਸੰਗਰਾਂਦ - (੧ ਪੋਹ) 16-12-2018 (ਐਤਵਾਰ)
ਪੂਰਨਮਾਸ਼ੀ - (7 ਪੋਹ) 22-12-2018 (ਸ਼ਨੀਵਾਰ)
ਮੱਸਿਆ - (21 ਪੋਹ) 7-12-2018 (ਸ਼ੁੱਕਰਵਾਰ)

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ


ਜਿਲਦ ਨੰ. 41 | ਅੰਕ - 81 | ਨਵੰਬਰ - 2018



| | | |
|---|---|---|
| 1. | ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ | 5 |
| 2. | ਗੁਰੂ ਨਾਨਕ ਸਹਿਬ ਦਾ ਜੀਵਨ-ਸੰਖੇਪ | 8 |
| 3. | ਗੁਰੂ ਨਾਨਕ ਦੇਵ ਜੀ ਦੀ ਆਮਦ ਤੋਂ ਪਹਿਲਾਂ ਪੰਜਾਂ ਦਰਿਆਵਾਂ ਦਾ ਦੇਸ਼ ਪੰਜਾਬ | 10 |
| 4. | ਮਿਹਮਾਨੀ ਜੁਗਤਿ | 14 |
| 5. | ਗੁਰਦੁਆਰਾ ਜਨਮ ਅਸਥਆਨ (ਨਨਕਾਣਾ ਸਾਹਿਬ) | 16 |
| 6. | ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ | 18 |
| 7. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ | 20 |
| 8. | ਆਓ ਜਾਣੀਏ ! | 23 |
| 9. | ਕਹਾਣੀ | 26 |
| 10. | ਕਾਵਿ-ਕਿਆਰੀ | 31 |
| 11. | ਸਿਹਤ ਸੰਭਾਲ | 32 |
| 12. | ਸ਼ੋਕ ਸਮਾਚਾਰ | 34 |
| 13. | ਦਾਨੀ ਸੱਜਣਾਂ ਦੀ ਸੂਚੀ | 35 |
| 14. | "You Cannot buy your health!!........... | 38 |
| 15. | Career After +2 | 39 |
| 16. | Matrimonial | 41 |




'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ



ਸਿੱਖ ਇਤਿਹਾਸ ਵਿਚ ਭਾਈ ਮਰਦਾਨਾ ਜੀ ਵਰਗਾ ਭਾਗਾਂ ਵਾਲਾ ਕੋਈ ਵਿਰਲਾ ਹੀ ਵਿਅਕਤੀ ਹੋਵੇਗਾ। ਇਹ ਇਕ ਇਤਿਹਾਸਕ ਸੱਚਾਈ ਹੈ ਕਿ ਜਿਤਨਾ ਸਮਾਂ ਭਾਈ ਮਰਦਾਨਾ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਨਿਕਟ ਰਹਿ ਕੇ ਗੁਜ਼ਾਰਿਆ, ਉਤਨਾ ਕਿਸੇ ਹੋਰ ਵਿਅਕਤੀ ਨੂੰ ਪ੍ਰਾਪਤ ਨਹੀਂ ਹੋਇਆ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਜਿਤਨਾ ਭਾਈ ਮਰਦਾਨਾ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਛੁਹ ਦਾ ਸੁਆਦ ਮਾਣਿਆ, ਉਤਨਾ ਕਿਸੇ ਹੋਰ ਨੂੰ ਨਸੀਬ ਨਾ ਹੋ ਸਕਿਆ। ਪਰ ਇਹ ਵੀ ਇਕ ਨਾ ਝੁਠਲਾਉਣ ਵਾਲੀ ਸੱਚਾਈ ਹੈ ਕਿ ਜਿਤਨਾ ਭਾਈ ਮਰਦਾਨਾ ਜੀ ਨੂੰ ਗਲਤ ਸਮਝ ਕੇ ਉਲੀਕਿਆ ਗਿਆ ਹੈ, ਉਤਨਾ ਹੋਰ ਕਿਸੇ ਨੂੰ ਵੀ ਨਹੀਂ। ਸਾਡੇ ਸਾਹਮਣੇ ਜੋ ਸਰੂਪ ਸਦੀਆਂ ਤੋਂ ਭਾਈ ਮਰਦਾਨਾ ਜੀ ਦਾ ਲਿਆਂਦਾ ਜਾ ਰਿਹਾ ਹੈ, ਉਹ ਇਕ ਭੁੱਖੇ, ਤਿਹਾਏ, ਲਾਲਚੀ, ਮਾਂਗਤ, ਡਰਪੋਕ ਤੇ ਆਮ ਮਿਰਾਸੀ ਦਾ ਹੈ। ਪਰ ਉਸ ਮਹਾਂਪੁਰਸ਼ ਦਾ ਸਮੁੱਚਾ ਜੀਵਨ ਗਹੁ ਨਾ ਦੇਖਿਆ ਇਹ ਪਤਾ ਲੱਗਦਾ ਹੈ ਕਿ ਉਹ ਨਿਰਛਲ, ਨਿਰਕਪਟ, ਸੂਰਮੇ, ਵਖਤੈ ਉਪਰ ਲੜ ਮਰਨ ਵਾਲੇ, ਦੁੱਖਾਂ ਨੂੰ ਹੱਸ ਕੇ ਝੱਲਣ ਵਾਲੇ, ਰਾਗ ਵਿਦਿਆ ਵਿਚ ਪ੍ਰਬੀਨ, ਨਿਰਭੈ ਅਤੇ ਗੁਰੂ ਨਾਨਕ ਜੀ ਦੇ ਐਸੇ ਸਾਥੀ ਸਨ ਜਿਨ੍ਹਾਂ ਹਰ ਦੁੱਖ ਤੇ ਆਈ ਔਕੜ ਦਾ ਡੱਟ ਕੇ ਮੁਕਾਬਲਾ ਕੀਤਾ। ਇਹ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਸੰਸਾਰ ਪ੍ਰਸਿੱਧ ਗਾਇਕ ਤਾਨਸੈਨ ਦੇ ਗੁਰੂ ਹਰਿਦਾਸ, ਮਰਦਾਨਾ ਜੀ ਦੇ ਹੀ ਸ਼ਗਿਰਦ ਸਨ। ਇਸੇ ਲਈ ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਵਿਚ ਉਦਾਸੀਆਂ ਦਾ ਹਾਲ ਲਿਖਣ ਵੇਲੇ ਕੇਵਲ ਇਕ ਸਾਥੀ ਦਾ ਨਾਂ ਲਿਖਿਆ ਤੇ ਉਹ ਸੀ, ਮਰਦਾਨਾ। ਭਾਈ ਜੀ ਦੇ ਸ਼ਬਦ ਹਨ :




**ਜੋਗਿੰਦਰ ਸਿੰਘ ਅਜੈਬ**
**ਕੋ-ਐਡੀਟਰ**
**98152-69145**


**"ਇਕੁ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥"**

ਫਿਰ ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਸਿੱਖਾਂ ਦੀ ਸੂਚੀ ਵਿਚ ਉਸ ਦਾ ਵਰਨਣ ਇਕ ਸੁਚੱਜੇ ਰਬਾਬ ਵਜਾਉਣ ਵਾਲੇ ਕਰਕੇ ਕੀਤਾ।

**'ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ'**॥੧੩॥੧੧॥

ਗੁਰੂ ਨਾਨਕ ਜੀ ਵੀ ਜਦ ਕਹਿੰਦੇ ਇਹ ਹੀ ਕਹਿੰਦੇ,

**"ਮਰਦਾਨਿਆਂ ਰਬਾਬ ਵਜਾਇ।**
**ਕਾਈ ਸਿਫਤ ਖੁਦਾਇ ਦੇ ਦੀਦਾਰ ਦੀ ਕਰੀਏ॥"**

ਭਾਈ ਮਨੀ ਸਿੰਘ ਜੀ ਨੇ ਮਰਦਾਨਾ ਜੀ ਦਾ ਗੁਰੂ ਨਾਨਕ ਦੇਵ ਜੀ ਨਾਲ ਪਹਿਲਾ ਮੇਲ ਤਲਵੰਡੀ ਵਿਖੇ ਹੀ ਹੋਇਆ ਦੱਸਿਆ ਹੈ; ਜਿੱਥੋਂ ਦੇ ਉਹ ਜੰਮਪਲ ਸਨ। ਭਾਈ ਮਨੋਹਰ ਦਾਸ, ਮੇਹਰਬਾਨ ਜੀ ਨੇ ਉਸ ਨੂੰ ਗੁਰੂ ਨਾਨਕ ਦੇਵ ਜੀ ਦੇ 'ਬਾਲਪਨ ਦਾ ਸਾਥੀ, ਤਲਵੰਡੀ ਰਾਇ ਭੋਐ ਕੀ ਰਹਿੰਦਾ, ਰਬਾਬ ਵਜਾਇੰਦਾਂ ਲਿਖਿਆ ਹੈ। ਪਹਿਲਾਂ ਮੇਲ ਲਗਭਗ ੧੪੮੦ ਈ. ਵਿਚ ਹੋਇਆ ਤੇ ਇਹ ਸੰਬੰਧ ਮਰਦਾਨਾ ਜੀ ਦੇ ਅੰਤਿਮ ਸਮੇਂ, ਸੰਨ ੧੫੩੪ ਈ. ਤੱਕ ਬਣਿਆ ਰਿਹਾ। ਇਸ ਹਿਸਾਬ ਨਾਲ ਉਹ ੫੪ ਸਾਲ ਗੁਰੂ ਨਾਨਕ ਜੀ ਨਾਲ ਰਹੇ। ਤਲਵੰਡੀ ਵਿਚ ਸਾਥੀ, ਸੁਲਤਾਨਪੁਰ ਇਕੱਠੇ ਉਦਾਸੀਆਂ ਵਿਚ ਸਦਾ ਨਾਲ ਅਤੇ ਕਰਤਾਰਪੁਰ ਦੇ ਘੁੱਗ ਵੱਸ ਜਾਣ ਉਪਰੰਤ ਹੀ ਚੜ੍ਹਾਈ ਕੀਤੀ ਲੱਗਦੀ ਹੈ। ਇਸੇ ਲਈ ਗੁਰੂ ਨਾਨਕ ਜੀ ਨੇ ਇਕ ਵਾਰੀ ਕਿਹਾ ਸੀ, 'ਮਰਦਾਨਿਆ, ਜਿੱਥੇ ਤੇਰਾ ਵਾਸਾ, ਉਥੇ ਮੇਰਾ।' ਇਹ ਹੀ ਕਾਰਨ ਲੱਗਦਾ ਹੈ ਕਿ ਭਾਈ ਮਰਦਾਨਾ ਜੀ ਨੂੰ ਉਹ ਹੱਕ ਵੀ ਮਿਲ ਗਿਆ, ਜੋ ਪਿਛੋਂ ਕੇਵਲ ਗੁਰੂ ਸਾਹਿਬਾਨ ਨੂੰ ਪ੍ਰਾਪਤ ਹੋਇਆ। ਬਿਹਾਗੜਾ ਕੀ ਵਾਰ ਦੇ ਸਲੋਕਾਂ ਵਿਚ 'ਨਾਨਕ' ਸ਼ਬਦ ਦੀ ਉਨ੍ਹਾਂ ਵੱਲੋਂ ਵਰਤੋਂ ਕਰ ਲੈਣੀ, ਗੁਰੂ ਨਾਨਕ ਦੇਵ ਜੀ ਉਤੇ ਹੱਕ ਹੀ ਜਤਲਾਉਣਾ ਸੀ। ਇਹ ਸਚਮੁੱਚ ਇਕ ਐਸੀ ਵੱਡੀ ਵਡਿਆਈ ਸੀ ਜੋ ਕਿਸੇ ਸਿੱਖ, ਸੰਬੰਧੀ, ਸਾਕ, ਭਾਈ, ਭਗਤ ਨੂੰ ਪ੍ਰਾਪਤ ਨਾ ਹੋ ਸਕੀ। ਸਲੋਕਾਂ ਉਤੇ ਦਿੱਤੇ ਸਿਰਲੇਖ 'ਸਲੋਕ ਮਰਦਾਨਾ ੧' ਇਹ ਸਭ ਪ੍ਰਗਟਾਉਣ ਲਈ ਹੀ ਹੈ।

'ਮਰਦਾਨਾ' ਉਨ੍ਹਾਂ ਨੂੰ ਗੁਰੂ ਨਾਨਕ ਜੀ ਵੱਲੋਂ ਮਿਲਿਆ ਖਿਤਾਬ ਸੀ।

ਉਨ੍ਹਾਂ ਦਾ ਪਾਵਨ ਨਾਂ 'ਦਾਨਾ' ਸੀ। ਇਕ ਵਾਰੀ ਗੁਰੂ ਨਾਨਕ ਜੀ ਇਕ ਬ੍ਰਿਛ ਥੱਲੇ ਆਰਾਮ ਪਏ ਕਰਦੇ ਸਨ ਕਿ ਉਧਰੋਂ ਕਿਸੇ ਪਾਸਿਉਂ ਰਬਾਬ ਵਜਾਉਣ ਦੀ ਆਵਾਜ਼ ਉਨ੍ਹਾਂ ਦੇ ਕੰਨ ਵਿਚ ਪਈ। ਉਹ ਉਠ ਕੇ ਰਬਾਬ ਵਜਾਉਣ ਵਾਲੇ ਕੋਲ ਗਏ ਤੇ ਪੁਛਿਆ, "ਭਾਈ ਤੇਰਾ ਨਾਉਂ ਕਿਆ ਹੈ?" ਤਾਂ ਉਸ ਨੇ ਕਿਹਾ, "ਜੀ ਮੇਰਾ ਨਾਉ' 'ਦਾਨਾ' ਮੀਰਾਸੀ ਲੋਕ ਕਹਿੰਦੇ ਹਨ।' ਗੁਰੂ ਨਾਨਕ ਦੇਵ ਜੀ ਨੇ ਇਹ ਸੁਣ ਕੇ ਕਿਹਾ, 'ਤੂੰ ਰਬਾਬ ਭਲਾ ਵਜਾਇਦਾ ਹੈ, ਤੇ ਤੈਨੂੰ ਰਾਗਾਂ ਦੀ ਭਲੀ ਸੋਝੀ ਹੈ, ਪਰ ਜੇ ਤੂੰ ਅਸਾਡੀ ਸੰਗਤ ਕਰੈ ਤੇ ਇਹ ਰਾਗ ਸ਼ਬਦ ਪਾਇਕੈ ਗਾਵੈਂ ਤਾਂ ਤੇਰਾ ਦੀਨ ਦੁਨੀ ਵਿਚ ਉਧਾਰ ਕਰੀਏ।' ਤਾਂ ਦਾਨਾ ਜੀ ਨੇ ਕਿਹਾ, 'ਅਸੀਂ ਤਾਂ ਧਨੀ ਲੋਕਾਂ ਨੂੰ ਰਾਗ ਸੁਣਾਈਕੈ ਚਾਰ ਪੈਸੇ ਲਿਆਂਦੇ ਹਾਂ, ਆਪਣੇ ਧੀਆਂ ਪੁੱਤਰਾਂ ਦਾ ਦੁਨੀਆਂ ਵਿਚ ਗੁਜਰਾਨ ਕਰਦੇ ਹਾਂ। ਅਸੀਂ ਜੇ ਤੇਰੇ ਨਾਲ ਲੱਗਾਂਗੇ, ਤਾਂ ਜੋ ਕੁਟੰਬੀ ਹੈਨਿ ਸੋ ਸਭ ਭੁੱਖ ਨਾਲ ਮਰ ਜਾਣਗੇ ਤੇ ਭੁਖਿਆਂ ਨਿਵਾਜ ਰੋਜ਼ਾ ਵੀ ਨਹੀਂ ਹੋਵੇਗਾ। ਦੀਨ ਭੀ ਤੇ ਦੁਨੀ ਭੀ ਅਸਾਡੇ ਐਵੇਂ ਜਾਣਗੇ। ਤੁਸੀਂ ਉਧਾਰ ਕਿਸ ਤਰ੍ਹਾਂ ਕਰੋਗੇ? ਤਾਂ ਸਾਹਿਬ ਬਚਨ ਕੀਤਾ, 'ਦਾਨਿਆਂ ਤੂੰ ਦਿਵਾਨ ਹੋਇਆ ਹੈ, ਸਭ ਦੀ ਪ੍ਰਤਿਪਾਲਣਾ ਈਸ਼ਵਰ ਕਰਦਾ ਹੈ। ਨਮਾਜ਼ ਤੇ ਰੋਜ਼ਾਖ਼ੁਦਾ ਏ ਘਰੋਂ ਬਖਸ਼ਸ਼ ਹੈ। ਖ਼ੁਦਾ ਦਾ ਘਰ ਮਹਾਂਪੁਰਸ਼ਾਂ ਦਾ ਰਿਦਾ ਹੈ, ਜਦ ਲੇਖਾ ਹੋਵੇਗਾ ਤਾਂ ਕਿਸੇ ਹਾਮਾਂ ਨਹੀਂ ਭਰਣੀ। ਦਾਨਾ, ਮਰਦਾਨਾ ਬਣ ਧਰਤੀ ਦੇ ਲੋਕਾਂ ਨੂੰ ਸੋਧਨ ਲਈ ਗੁਰੂ ਨਾਨਕ ਜੀ ਨਾਲ ਹੋ ਉਠਿਆ। ਕੀਰਤਨ ਨੇ ਜਨਮ ਲੈ ਲਿਆ। ਬਾਬੇ ਦੇ ਸ਼ਬਦ ਤੇ ਮਰਦਾਨੇ ਦੀ ਰਬਾਬ ਨੇ ਉਹ ਕਰਾਮਾਤ ਕੀਤੀ ਜਿਸ ਦਾ ਬਦਲ ਅਜੇ ਤੱਕ ਸੰਸਾਰ ਨੂੰ ਨਹੀਂ ਲੱਭਾ ਤੇ ਸ਼ਾਇਦ ਕਦੇ ਵੀ ਨਾ ਲੱਭੇ। ਭਾਈ ਮਰਦਾਨਾ ਜੀ ਨੇ ਪੁੱਛਿਆ ਵੀ, 'ਬਾਬਾ ਇਹ ਜੋ ਕੀਰਤਨ ਹਮ ਗਾਵਤੇ ਹੈ, ਇਹ ਹੀ ਸ਼ਬਦ ਹੈ, ਇਸੀ ਮਹਿ ਮੁਕਤ ਹੈ ਕਿ ਨਾਂ, ਉਹ ਸ਼ਬਦ ਕਿਛ ਅਵਰ ਤਾਂ ਨਹੀਂ।' ਗੁਰੂ ਨਾਨਕ ਜੀ ਨੇ ਕਹਿਆ "ਇਹੀ ਕੀਰਤ ਸ਼ਬਦ ਹੈ, ਕਿ ਗੁਰੂ ਕਹਤਾ ਹੈ ਮਣੁ। ਜੇ ਸੁਰਤਿ ਕਰਿ ਕਰਿ ਸਮਝੈ ਤਿਸ ਕੀ ਮੁਕਤ ਹੋਇ। ਸਾਈ ਕੀਰਤ, ਸਾਈ ਮੁਕਤ ਹੈ। ਇਹ ਕੀਰਤ ਅਰ ਮੁਕਤ ਇਕੋ ਹੈ।"

ਭਾਈ ਮਨੀ ਸਿੰਘ ਜੀ ਦੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਜੀ ਨੇ ਮਰਦਾਨੇ ਨੂੰ ਤਿੰਨ ਉਪਦੇਸ਼ ਦਿੱਤੇ :

ਪਹਿਲਾ ਕੇਸ ਨਹੀਂ ਕਟਾਉਣੇ। ਦੂਜੇ ਪਿਛਲੀ ਰਾਤ ਜਾਗ ਕੇ ਸਤਿਨਾਮ ਦਾ ਜਾਪ ਕਰੀਂ ਅਤੇ ਤੀਜੇ ਆਇ ਗਏ ਸਾਧ ਸੰਤ ਲੋੜਵੰਦ ਦੀ ਸੇਵਾ ਕਰਨੀ ਅਤੇ ਫਿਰ ਮਰਦਾਨਾ ਜੀ ਇਹ ਉਪਦੇਸ਼ ਸੰਗਤਾਂ ਨੂੰ ਦ੍ਰਿੜ੍ਹ ਕਰਾਂਦੇ ਰਹੇ। ਜੋ ਆਗਿਆ ਗੁਰੂ ਨਾਨਕ ਜੀ ਨੇ ਕੀਤੀ, ਮਰਦਾਨਾ ਜੀ ਨੇ ਮੰਨੀ ਅਤੇ ਉਸ ਉਤੇ ਫੁੱਲ ਚੜ੍ਹਾਏ। ਸਾਖੀ ਆਉਂਦੀ ਹੈ ਕਿ ਇਕ ਨਗਰ ਵਿਚ ਲੋਕਾਂ ਨੇ ਬਹੁਤ ਸਾਰਾ ਧਨ, ਬਸਤਰ ਤੇ ਅੰਨ ਗੁਰੂ ਨਾਨਕ ਜੀ ਨੂੰ ਭੇਟ ਕੀਤਾ। ਮਰਦਾਨਾ ਜੀ ਨੇ ਕਿੱਠੇ ਕੀਤੇ ਤੇ ਕਹਿਆ, 'ਲੋਕਾਂ ਜੋ ਚੜ੍ਹਾਏ, ਸੋ ਆਣੈ ਹੈਨਿ। ਜਿਵੇਂ ਰਜਾਇ ਹੋਵੈ ਤਿਵੈ ਮੈਂ ਕਰੀ।' ਗੁਰੂ ਨਾਨਕ ਜੀ ਨੇ ਕਹਿਆ; ਮਰਦਾਨਿਆ ਤੈ, ਤਾਂ ਇਹ ਆਂਦੇ ਸੇ ਭਲਾ ਕੀਤਾ। ਪਰ ਇਹ ਸਾਡੇ ਕੰਮ ਨਾਹੀਂ, ਪਏ ਭਠਿ। ਇਹ ਸੁਟ ਘਤੁ ਏਥਾਊ।' ਮਰਦਾਨਾ ਜੀ ਨੇ ਸਭ ਪਦਾਰਥ ਉਥੇ ਹੀ ਸੁੱਟ ਦਿੱਤੇ। ਮਰਦਾਨਾ ਜੀ ਤਾਂ ਸਾਡੇ ਨਿਤਾਣਿਆਂ ਲਈ ਪੂਰਨੇ ਪਾ ਰਹੇ ਸਨ। 'ਧਰਮਸਾਲ ਦੀ ਝਾਕ' ਨੇ ਹੀ ਭਰਮ ਨੂੰ ਹੇਠਾਂ ਲੈ ਆਂਦਾ ਹੈ, ਧਰਮਸਾਲੀਆਂ ਕੀ ਅਤੇ ਝਾਕ ਕੀ? ਕੌਤਕ ਮਰਦਾਨਾ ਜੀ ਰਚਾਂਦੇ ਤੇ ਰਾਹ ਸਾਡੇ ਲਈ ਸੁਖਾਲਾ ਕਰੀ ਜਾਂਦੇ।

ਉਹ ਸਦਾ ਬਖ਼ਸ਼ਸ਼ਾ, ਸ਼ਕਤੀਆਂ ਤੇ ਰੱਖਿਆ ਮੰਗਦੇ ਰਹਿੰਦੇ ਸਨ। ਮਰਦਾਨਾ ਜੀ ਨੇ ਇਕ ਵਾਰੀ ਕਿਹਾ, 'ਬਾਬਾ, ਤੇਰੀ ਘਾਲ ਕਰੜੀ, ਮੇਰੇ ਵਰਗੇ ਤੋਂ ਨਹੀਂ ਹੁੰਦੀ।' ਗੁਰੂ ਨਾਨਕ ਜੀ ਨੇ ਆਖਿਆ, 'ਮਰਦਾਨਿਆ, ਤੂੰ ਕਿਵੇਂ ਰਹਿ ਭੀ ਅਸਾਂ ਨਾਲਿ।' ਤਾਂ ਮਰਦਾਨਾ ਜੀ ਨੇ ਕਹਿਆ, 'ਮੈਂ ਤਾਂ ਹੀ ਤੇਰੇ ਨਾਲ ਰਵਾਂ, ਜੇ ਮੈਨੂੰ ਤੂੰ ਆਪਣਾ ਜੇਹਾ ਧੀਰਜ ਦੇਹ। ਜਿਵੇਂ ਤੁਹਾਨੂੰ ਭੁੱਖ, ਤ੍ਰੇਹ ਨਹੀਂ ਸਤਾਂਦੀ, ਤਿਵੇਂ ਮੈਨੂੰ ਵੀ ਨਾਹ ਸਤਾਵੇ। ਜਿਸ ਅਵਸਥਾ ਵਿਚ ਤੁਸੀਂ ਰਹਿੰਦੇ ਹੋ। ਉਸ ਅਵਸਥਾ ਵਿਚ ਮੈਨੂੰ ਵੀ ਲੈ ਚਲੋ। ਜੇ ਇਹ ਮੇਹਰ ਕਰੋ ਤਾਂ ਰਵ੍ਹਾ। ਨਹੀਂ ਤਾਂ ਮੈਨੂੰ ਆਗਿਆ ਦਿਉ।" ਗੁਰੂ ਨਾਨਕ ਜੀ ਇਹ ਸੁਣ ਕੇ ਬਹੁਤ ਹੀ ਖੁਸ਼ ਹੋਏ ਤੇ ਫੁਰਮਾਇਆ, 'ਸ਼ਾਬਾਸ਼ ਮਰਦਾਨਿਆਂ। ਤੈ ਭਲੀ ਵਸਤੂ ਮੰਗੀ।' ਜਦ ਬਾਬਾ ਨਾਨਕ ਜੀ ਨੇ ਮੇਹਰ ਦੀ ਦ੍ਰਿਸ਼ਟੀ ਕੀਤੀ ਤਾਂ ਮਰਦਾਨਾ ਜੀ ਨੇ ਰਬਾਬ ਦੀ ਤਾਰ ਨਾਲ ਸਿਫ਼ਤ ਗਾਈ:

**'ਇਕੋ ਨਾਂਉ ਤਕੜਾ ਕੀਉਨ, ਹੋਰ ਨਾਂਵ ਸਭ ਕੀਅਨ ਖਰਾਬਾ॥**
**ਨੇੜੈ ਨਜੀਕ ਖੁਦਾਇ ਦੇ ਬਾਬਾ॥'**

ਪਰ ਨਿੰਮ੍ਰਤਾ ਦੇ ਪੁੰਜ ਗੁਰੂ ਨਾਨਕ ਜੀ ਨੇ ਉਸੇ ਸਮੇਂ ਮਰਦਾਨੇ ਨੂੰ ਟੋਕ ਦਿੱਤਾ ਤੇ ਕਿਹਾ, 'ਪੂਰਾ ਜੀ, ਪੂਰਾ ਪਰਮੇਸ਼ਰ ਸਲਾਹਣਾ। ਮਰਦਾਨਿਆਂ, ਅਸੀਂ ਕਵਣ ਕੀਟ ਜਿ ਉਸ ਦੇ ਨਜ਼ੀਕ-ਪਹੁੰਚਹੁ।' ਪਰ ਮਰਦਾਨਾ ਜੀ ਜੋ ਗੁਰੂ ਨਾਨਕ ਜੀ ਦੀ ਰਹਣੀ, ਬਹਣੀ, ਕਥਨੀ, ਕਰਣੀ ਦੇਖ ਚੁਕੇ ਸਨ, ਨਾਂਹ ਰੁਕੇ ਤੇ ਫਿਰ ਕਿਹਾ:

**ਸਹੀ ਤਾਂ ਨਾਨਕ ਕਾਲੂਆਣ 'ਜਿਨਿ ਸਿਰੀ' ਫੁਨਿ ਤਿਸਹੀ ਗੋਈ॥**
**ਜੇ ਤੁਧੁ ਜੇਵਡ ਪਰਮੇਸਰ ਹੋਇ ਤਾ ਹੋਈ॥'**

ਭਾਈ ਮਰਦਾਨਾ ਜੀ ਜਦ ਵੀ ਮੰਗਦੇ, 'ਦੂਜੇ ਭਾਵ ਦਾ ਝਗੜਾ ਮੇਰੇ ਮੰਨ ਤੇ ਤੁਟੈ', ਹੀ ਮੰਗਦੇ ਜਾਂ ਧੀਰਜ ਦੀ ਰਹਿਮਤ ਲਈ ਝੋਲੀ ਪਸਾਰਦੇ। ਮਰਦਾਨਾ ਜੀ ਨੇ ਹੱਥ ਜੋੜ ਕੇ ਇਕ ਵਾਰ ਕਿਹਾ; 'ਬਾਬਾ ਤੇਰਾ ਮੇਰਾ ਅੰਤਰ ਨਾਹੀ, ਤੂੰ ਖੁਦਾਇ ਦਾ ਡੂਮ, ਹਉ ਤੇਰਾ ਡੂਮ। ਤੈ ਖੁਦਾਇ ਪਾਇਆ ਹੈ, ਤੈਂ ਖੁਦਾਇ ਦੇਖਿਆ ਹੈ, ਤੇਰਾ ਕਹਿਆ ਖੁਦਾਇ ਕਰਦਾ ਹੈ, ਮੇਰੀ ਬੇਨਤੀ ਹੈ, ਇਕ ਮੈਨੂੰ ਵਿਛੋੜਨਾ ਨਾਹੀ, ਆਪ ਨਾਲਹੁ, ਨਾ ਐਥੇ, ਨਾ ਓਥੈ।' ਗੁਰੂ ਨਾਨਕ ਜੀ ਨੇ ਉਸੇ ਸਮੇਂ ਬਖਸ਼ਸ਼ ਕਰਦੇ ਫੁਰਮਾਇਆ, 'ਮਰਦਾਨਿਆਂ, ਤੁਧੁ ਉਪਰ ਮੇਰੀ ਖੁਸ਼ੀ ਹੈ, ਜਿਥੇ ਤੇਰਾ ਵਾਸਾ, ਉਥੈ ਮੇਰਾ ਵਾਸਾ।'

ਮਰਦਾਨਾ ਜੀ ਨੇ ਜੋ ਗੱਲਾਂ ਆਪਣੇ ਅੰਤ ਸਮੇਂ ਬਾਬੇ ਨਾਲ ਕੀਤੀਆਂ ਉਹ ਵੀ ਸੁਣਨ ਨਾਲ ਸੰਬੰਧ ਰੱਖਦੀਆਂ ਹਨ। ਮਰਦਾਨਾ ਹੁਣ ਕਿਥੋਂ ਬੋਲਣ ਲੱਗ ਪਿਆ ਸੀ, ਇਸ ਦੀ ਉਦਾਹਰਣ ਗੁਰੂ ਨਾਨਕ ਤੇ ਮਰਦਾਨਾ ਜੀ ਦਾ ਵਾਰਤਾਲਾਪ ਹੈ। ਗੁਰੂ ਨਾਨਕ ਜੀ ਨੇ ਮਰਦਾਨੇ ਦਾ ਅੰਤਮ ਸਮਾਂ ਨੇੜੇ ਜਾਣ ਕਿਹਾ, "ਮਰਦਾਨਿਆਂ, ਜੇ ਚਾਹੇਂ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗੂੰ ਦਰਿਆ ਵਿਚ ਸੁੱਟ ਦੇਈਏ। ਮਰਦਾਨਿਆ ਜੇ ਤੇਰੀ ਖਾਹਿਸ਼ ਹੋਵੇ ਤਾਂ ਖ਼ਤਰੀ ਵਾਂਗ ਸਾੜ ਦੇਈਏ, ਜੇ ਤੇਰੀ ਇੱਛਾ ਹੋਵੇ ਤਾਂ ਵੈਸ਼ ਵਾਂਗੂੰ 'ਹਵਾ' ਵਿਚ ਸੁਟਵਾ ਦੇਈਏ, ਜੇ ਤੇਰਾ ਚਿੱਤ ਹੋਵੇ ਤ ਸ਼ੂਦਰ ਵਾਂਗ ਦਬਵਾ ਦੇਈਏ।" ਮਰਦਾਨਾ ਜੀ ਨੇ ਉਤਰ ਦਿੰਦੇ ਹੋਏ ਕਿਹਾ, "ਵਾਹ, ਬਾਬਾ ਵਾਹ। ਅਜੇ ਵੀ ਸਰੀਰਾਂ ਦੇ ਚੱਕਰ ਵਿਚ। ਤੁਹਾਡੇ ਉਪਦੇਸ਼ ਕਰ ਤਾਂ ਦੇਹੀ ਦਾ ਖਿਆਲ ਹੀ ਮੁੱਕ ਗਿਆ ਹੈ। ਮੈਂ ਤਾਂ ਆਪਣੀ ਆਤਮਾ ਨੂੰ ਕੇਵਲ ਆਪਣੇ ਸਰੀਰ ਦਾ ਸਾਖੀ ਸਮਝਦਾ ਹਾਂ।" ਫਿਰ ਬਾਬਾ ਨਾਨਕ ਜੀ ਨੇ ਕਿਹਾ : "ਮਰਦਾਨਿਆਂ ਮੇਰਾ ਚਿੱਤ ਕਰਦਾ ਹੈ ਕਿ ਤੇਰੀ ਸਮਾਧ ਬਣਾ ਕੇ ਤੈਨੂੰ ਜਗਤ ਵਿਚ ਪ੍ਰਸਿੱਧ



ਕਰੀਏ।" ਮਰਦਾਨਾ ਜੀ ਨੇ ਕੁਝ ਗੰਭੀਰ ਹੋ ਕੇ ਕਿਹਾ : "ਬਾਬਾ ਬੜੀ ਮੁਸ਼ਕਲ ਨਾਲ ਤਾਂ ਸਰੀਰ ਰੂਪੀ ਸਮਾਧ ਵਿਚੋਂ ਨਿਕਲਣ ਲੱਗੇ ਹਾਂ, ਇਸ ਨੂੰ ਫਿਰ ਪੱਥਰ ਦੀ ਸਮਾਧ ਵਿਚ ਕਿਉਂ ਪਾਵਦੇ ਹੋ।" ਬਾਬੇ ਨੇ ਅਗਾਂਹ ਵੱਧ ਮਰਦਾਨੇ ਨੂੰ ਛਾਤੀ ਨਾਲ ਲਗਾਇਆ ਤੇ ਕਿਹਾ : "ਤੂੰ ਬ੍ਰਹਮ ਨੂੰ ਪਛਾਣ ਲਿਆ ਹੈ, ਮਰਦਾਨਿਆਂ।"

ਬਿਹਾਗੜੇ ਕੀ ਵਾਰ ਮਹਲਾ ੪ ਦੀ ੧੨ਵੀਂ ਪਉੜੀ ਵਾਲੇ ਸਲੋਕਾਂ ਵਿਚ ਮਰਦਾਨਾ ਜੀ, ਕਲਜੁਗੀ ਸੁਭਾਉ ਨੂੰ ਸ਼ਰਾਬ ਕੱਢਣ ਵਾਲੀ ਮਟੀ ਕਹਿੰਦੇ ਹਨ। ਕਾਮ ਹੀ ਅਸਲ ਸ਼ਰਾਬ ਹੈ ਤੇ ਇਸ ਨੂੰ ਮਨ ਹੀ ਪੀ ਰਿਹਾ ਹੈ। ਮੋਹ ਨਾਲ ਭਰੀ ਹੋਈ ਕਰੋਧ ਦੀ ਕਟੋਰੀ ਹੈ, ਹੰਕਾਰ ਪਿਵਾਉਣ ਵਾਲਾ ਹੈ। ਕੂੜ ਦੀ ਮਜਲਸ ਲੱਗੀ ਹੋਈ ਹੈ ਤੇ ਮਨ ਐਸੀ ਸ਼ਰਾਬ ਨੂੰ ਪੀ ਪੀ ਕੇ ਖੁਆਰ ਹੋ ਰਿਹਾ ਹੈ:

**'ਕਲਿ ਕਲਵਾਲੀ, ਕਾਮ ਮਦੁ, ਮਨੂਆ ਪੀਵਣਹਾਰੁ ॥**
**ਕ੍ਰੋਧ ਕਟੋਰੀ ਮੋਹਿ ਭਰੀ, ਪੀਲਾਵਾ ਅਹੰਕਾਰ ॥**
**ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ।' ਸਲੋਕ ਮਰਦਾਨਾ ॥**

ਦੂਜੇ ਸਲੋਕ ਵਿਚ ਮਰਦਾਨਾ ਜੀ ਝੂਠੀ ਸ਼ਰਾਬ ਪੀਣ ਨੂੰ ਬਹੁਤੇ ਵਿਕਾਰ ਖਟਣਾ ਆਖਦੇ ਹਨ ਤੇ ਤੀਜੇ ਵਿਚ ਵਿਕਾਰ ਦੂਰ ਕਰਨ ਦਾ ਵਲ ਦੱਸਦੇ ਹੋਏ ਕਹਿੰਦੇ ਹਨ ਕਿ ਜੇ ਸਰੀਰ ਮਿੱਟੀ ਹੋਵੇ, ਆਪੇ ਦੀ ਪਛਾਣ ਸ਼ਰਾਬ ਤੇ ਉਸ ਦੀ ਧਾਰ ਅਮਰ ਕਰਨ ਵਾਲੀ ਹੋਵੇ, ਸਤ ਸੰਗਤ ਨਾਲ ਮੇਲ ਹੋਵੇ, ਅੰਮ੍ਰਿਤ ਨਾਮ ਦੀ ਭਰੀ ਹੋਈ ਲਿਵ ਰੂਪੀ ਕਟੋਰੀ ਹੋਵੇ ਤਾਂ ਮਨੁੱਖ ਐਸੀ ਸ਼ਰਾਬ ਨੂੰ ਪੀ ਪੀ ਕੇ ਸਾਰੇ ਵਿਕਾਰ ਪਾਪ ਦੂਰ ਕਰ ਸਕਦਾ ਹੈ :

**'ਕਾਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ।**
**ਸਤ ਸੰਗਤ ਸਿਉ ਮਿਲਾਪ ਹੋਏ**
**ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ ॥੩॥ ਮਰਦਾਨਾ ॥੧॥**

ਗੱਲ ਕੀ, ਭਾਈ ਦਾਨਾ ਜੀ ਇਕ ਐਸੇ ਵਿਅਕਤੀ ਸਨ, ਜਿਨ੍ਹਾਂ ਗੁਰੂ ਨਾਨਕ ਪਾਤਸ਼ਾਹ ਦੀ ਛੁਹ ਪ੍ਰਾਪਤ ਕਰ ਐਸੇ ਸੂਰਮਗਤੀ ਦੇ ਸਾਕੇ ਕੀਤੇ ਕਿ ਉਹ ਮਰਦਾਨਾ ਹੋ ਨਿੱਬੜੇ ਤੇ ਜਦ ਵੀ ਅਕਾਲ ਰੂਪ ਨਾਨਕ ਦਾ ਨਾਂ ਆਵੇਗਾ, ਰਬਾਬੀ ਮਰਦਾਨੇ ਦਾ ਨਾਮ ਆਹ ਮੁਹਾਰੇ ਹੀ ਸ਼ਰਧਾ ਨਾਲ ਮੂੰਹੋਂ ਨਿਕਲ ਜਾਏਗਾ।

**"ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।"**

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਉਪ ਸੰਪਾਦਕ**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ (ਰਜਿ.) ਚੰਡੀਗੜ੍ਹ**

# ਗੁਰੂ ਨਾਨਕ ਸਾਹਿਬ ਦਾ ਜੀਵਨ-ਸੰਖੇਪ

ਪ੍ਰੋ. ਸਾਹਿਬ ਸਿੰਘ ਡੀ.ਲਿਟ.

**ਸੰਮਤ 1526 ਤੋਂ 1561 ਤੱਕ (ਸੰਨ 1469 ਤੋਂ 1504)**

ਪਿੰਡ—ਰਾਇ ਭੋਇ ਦੀ ਵਸਾਈ ਹੋਈ ਤਲਵੰਡੀ।

ਪਿਤਾ—ਬਾਬਾ ਕਾਲੂ ਜੀ (ਉਥੋਂ ਦੇ ਪਟਵਾਰੀ ਸਨ, ਤੇ ਇਹਨਾਂ ਦਾ ਪਹਿਲਾ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਵਿਚ ਪਿੰਡ ਜਾਮਾਰਾਇ ਦੇ ਕੋਲ ਸੀ)।

ਜਨਮ-ਥਿਤ—20 ਵੈਸਾਖ, (ਵੈਸਾਖ ਸੁਦੀ 3) ਸੰਮਤ 1526। ਈਸਵੀ ਸੰਨ ਅਨੁਸਾਰ 15 ਅਪ੍ਰੈਲ 1469।

ਹੋਰ ਕੋਈ ਭਰਾ ਨਹੀਂ, ਸਿਰਫ਼ ਇਕ ਭੈਣ ਸੀ, ਇਹਨਾਂ ਤੋਂ 5 ਸਾਲ ਵੱਡੀ, ਬੀਬੀ ਨਾਨਕੀ ਜੀ। ਇਸ ਦਾ ਵਿਆਹ ਸੰਮਤ 1534 (ਸੰਨ 1477) ਵਿਚ ਭਾਈ ਜੈ ਰਾਮ ਜੀ ਨਾਲ ਹੋਇਆ, ਜੋ ਸੁਲਤਾਨਪੁਰ ਦੇ ਨਵਾਬ ਦੌਲਤ ਖ਼ਾਂ ਲੋਧੀ ਪਾਸ ਕਾਰਦਾਰ ਸਨ।

ਉਮਰ 7 ਸਾਲ —ਪਾਂਧੇ ਪਾਸ ਪੜ੍ਹਨ ਪਏ। ਉਮਰ 9 ਸਾਲ—ਮਾਪੇ ਜਨੇਊ ਪੁਆਣ ਲੱਗੇ, ਪਰ ਸਤਿਗੁਰੂ ਜੀ ਨੇ ਇਨਕਾਰ ਕੀਤਾ। ਬਾਬਾ ਕਾਲੂ ਜੀ ਦੀ ਭੁਇਂ ਦੀ ਆਪਣੀ ਭੀ ਮਾਲਕੀ ਸੀ, ਪਿਤਾ ਜੀ ਦੀ ਹਦਾਇਤ ਅਨੁਸਾਰ ਵਾਹੀ ਦੇ ਕੰਮ ਦੀ ਨਿਗਰਾਨੀ ਆਦਿਕ।

ਉਮਰ 16 ਸਾਲ—ਬਟਾਲੇ ਦੇ ਬਾਬਾ ਮੂਲਾ ਜੀ ਦੀ ਸਪੁਤਰੀ ਨਾਲ ਕੁੜਮਾਈ ਵੈਸਾਖ ਵਦੀ 1, ਸੰਮਤ 1542 (5 ਵੈਸਾਖ 1542, 1 ਅਪ੍ਰੈਲ 1485)। ਸੰਮਤ 1544 ਵਿਚ ਸ਼ਾਦੀ।

ਤਲਵੰਡੀ ਦੀ ਬਾਰ ਪੰਜਾਬ ਦੇ ਰਾਜਸੀ ਝਗੜੇ-ਝੰਬੇਲਿਆਂ ਤੋਂ ਕੁਝ ਇਕਲ-ਵਾਂਜੇ ਹੋਣ ਕਰਕੇ ਇਥੇ ਗੁਆਂਢ ਦੇ ਜੰਗਲ ਵਿਚ ਦੂਰੋਂ-ਦੂਰੋਂ ਸਾਧੂ ਲੋਕ ਆ ਕੇ ਟਿਕਦੇ ਸਨ। ਖੇਤੀ ਦੀ ਨਿਗਰਾਨੀ ਦੇ ਕੰਮ ਵਿਚ ਸਤਿਗੁਰੂ ਜੀ ਨੂੰ ਇਹਨਾਂ ਸਾਧੂਆਂ ਨਾਲ ਵਾਹ ਪੈਂਦਾ ਸੀ। ਇਹਨਾਂ ਤੋਂ ਦੇਸ ਦੀ ਤਰਸਯੋਗ ਹਾਲਤ ਸੁਣਦੇ, ਕਈ ਵਾਰੀ ਡੂੰਘੀ ਵਿਚਾਰ ਵਿਚ ਪਏ ਰਹਿੰਦੇ ਸਨ। ਮਾਪਿਆਂ ਨੂੰ ਚੁੱਪ ਤੇ ਉਦਾਸ ਜਾਪਿਆ ਕਰਦੇ ਸਨ। 20 ਸਾਲ ਦੀ ਉਮਰੇ ਇਕ ਵਾਰ ਚਾਰ ਪੰਜ ਮਹੀਨੇ ਇਹੀ ਹਾਲਤ ਰਹੀ, ਤਦੋਂ ਵੈਦ ਦੀ ਸਾਖੀ ਸੰਨ 1489।

**ਬਾਬਾ ਸਿਰੀ ਚੰਦ ਜੀ ਦਾ ਜਨਮ ਸੰਮਤ 1554 (ਸੰਨ 1497)।**

**ਬਾਬਾ ਲਖਮੀ ਦਾਸ ਜੀ ਦਾ ਜਨਮ ਸੰਮਤ 1557 (ਸੰਨ 1500)।**

ਭਾਵੇਂ ਘਰ ਦੀ ਜ਼ਮੀਨ ਕਾਫੀ ਸੀ, ਪਰ ਗੁਰੂ ਨਾਨਕ ਦੇਵ ਜੀ ਨਿਰੀ ਵਾਹੀ ਦੀ ਨਿਗਰਾਨੀ ਨਹੀਂ ਕਰਦ ਸਨ। ਪਿਤਾ ਜੀ ਦੀ ਹਦਾਇਤ ਅਨੁਸਾਰ ਵਪਾਰ ਆਦਿਕ ਵੀ ਕਰਦੇ ਸਨ। ਤਲਵੰਡੀ ਤੋਂ ਨੇੜੇ ਸਿਰਫ਼ 3 ਨਗਰ ਸਨ, ਜਿਥੇ ਵਣਜ ਵਪਾਰ ਕਰਨ ਲਈ ਜਾਇਆ ਜਾ ਸਕਦਾ ਸੀ—ਚੂਹੜਕਾਣਾ, ਸੈਦਪੁਰ (ਐਮਨਾਬਾਦ), ਲਾਹੌਰ।

34 ਸਾਲ ਦੀ ਉਮਰੇ ਸੰਮਤ 1560 (ਸੰਨ 1503), ਪਿਤਾ ਜੀ ਨੇ ਵੀਹ ਰੁਪਏ ਦੇ ਕੇ ਚੂਹੜਕਾਣੇ ਭੇਜਿਆ। ਤਦੋਂ ਕਾਲ ਪਿਆ ਹੋਇਆ ਸੀ। ਇਸ ਰਕਮ ਦੀ ਰਸਦ ਲੈ ਕੇ ਭੁੱਖੇ ਲੋੜਵੰਦਿਆਂ ਤੇ ਅਭਿਆਗਤ ਸਾਧੂਆਂ ਨੂੰ ਅੰਨ ਖਵਾ ਆਏ। ਇਥੇ ਗੁਰਦੁਆਰਾ 'ਖਰਾ ਸੌਦਾ'।

ਅੱਸੂ ਸੰਮਤ 1561 (ਅਕਤੂਬਰ 1504) ਉਮਰ ਪੈਂਤੀ ਸਾਲ ਸਾਢੇ ਛੇ ਮਹੀਨੇ—ਭਾਈ ਜੈ ਰਾਮ ਜੀ ਨੇ ਸੁਲਤਾਨਪੁਰ ਸੱਦ ਭੇਜਿਆ। ਪਿਤਾ ਜੀ ਦੀ ਰਜ਼ਾਮੰਦੀ। ਭਾਈ ਮਰਦਾਨਾ ਕੀਰਤਨ ਸੁਣਾਇਆ ਕਰਦਾ ਸੀ, ਇਸ ਨਾਲ ਪਿਆਰ ਸੀ। ਇਸ ਨੂੰ ਨਾਲ ਲੈ ਕੇ ਸੁਲਤਾਨਪੁਰ ਚਲੇ ਗਏ।

**ਸੰਨ 1505 ਤੋਂ 1507**

ਅੱਸੂ ਸੰਮਤ 1561 (ਅਕਤੂਬਰ 1504) ਤੋਂ ਭਾਦਰੋਂ ਸੰਮਤ 1564 ਤੱਕ ਸੁਲਤਾਨਪੁਰ।

ਨਵਾਬ ਦੌਲਤ ਖਾਂ ਦੇ ਮੋਦੀ ਬਣੇ। ਅਜਿਹੀ ਥਾਈਂ ਰਿਸ਼ਵਤ ਚੱਲਣੀ ਆਮ ਗੱਲ ਹੋਇਆ ਕਰਦੀ ਸੀ, ਪਰ ਪੁਰਾਣਾ ਇਤਿਹਾਸ ਲਿਖਦਾ ਹੈ, "ਗੁਰੂ ਨਾਨਕ ਜੀ ਕਿਸੀ ਕੀ ਦਮੜੀ ਨਾ ਰਾਖੇ। ਬੜੀ ਸੋਭਾ ਹੋਈ। ਜਿਤਨੀ ਰਈਅਤ ਸਭ ਦੁਆਈਂ ਲੱਗੀ ਦੇਵਣ।"

ਪਿੰਡ ਮੈਲਸੀਹਾਂ (ਸੁਲਤਾਨਪੁਰ) ਦਾ ਨੰਬਰਦਾਰ ਭਗੀਰਥ (ਪਹਿਲਾਂ ਦੁਰਗਾ-ਪੂਜ) ਇਥੇ ਆ ਕੇ ਸਿੱਖ ਬਣਿਆ। ਕੁਝ ਸਮਾਂ ਸਤਿਗੁਰੂ ਜੀ ਪਾਸ ਰਿਹਾ। ਗੁਰੂ ਨਾਨਕ ਜੀ ਦੇ ਖ਼ਰਤ 'ਤੇ ਇਕ ਗਰੀਬ ਬ੍ਰਾਹਮਣ ਦੀ ਲੜਕੀ ਦੇ ਵਿਆਹ ਦੀ ਸਮਿਗ੍ਰੀ ਲਾਹੌਰੋਂ ਲਿਆਉਣ ਸਮੇਂ ਭਾਈ ਭਗੀਰਥ ਦੀ ਰਾਹੀਂ ਉਥੋਂ ਦਾ ਦੁਕਾਨਦੁਰ ਮਨਸੁਖ ਭੀ ਸਿੱਖ ਬਣਿਆ ਤੇ ਦਰਸ਼ਨ ਨੂੰ ਆਇਆ। ਸੰਗਲਾਦੀਪ ਵਿਚ ਇਸ ਮਨਸੁਖ ਦੀ ਰਾਹੀਂ ਰਾਜਾ ਸ਼ਿਵਨਾਭ ਦਾ ਜੀਵਨ ਬਦਲਿਆ ਸੀ।

21 ਭਾਦਰੋਂ ਸੰਮਤ 1564 (20 ਅਗਸਤ 1507) ਸਾਖੀ ਵੇਈਂ ਨਦੀ ਦੀ। ਕਿਤੇ ਇਕਾਂਤ ਵਿਚ 'ਧਿਆਨ' ਧਰ ਕੇ 'ਜਲਤੀ ਪ੍ਰਿਥਵੀ' ਦਾ ਹਾਲ ਵੇਖ ਰਹੇ ਸਨ। ਵੇਖਿਓ ਨੇ ਕਿ ਸਾਰੀ 'ਲੁਕਾਈ ਹੈ ਹੈ' ਕਰ ਰਹੀ ਹੈ। ਫੈਸਲਾ ਕੀਤੋ ਨੇ ਕਿ ਆਪਣਾ ਸੁਖ ਅਰਾਮ ਛੱਡ ਕੇ ਦੁਨੀਆਂ ਨੂੰ ਸਹੀ ਰਾਸ ਦੱਸਣਾ ਜ਼ਰੂਰੀ ਹੈ।

**3 ਭਾਦਰੋਂ (22 ਅਗਸਤ) ਨਵਾਬ ਤੇ ਕਾਜ਼ੀ ਨਾਲ ਨਮਾਜ਼।**

ਨਵਾਬ ਨੂੰ ਜਿਸ ਵੇਲੇ ਇਹ ਪਤਾ ਲੱਗਾ ਕਿ ਹੁਣ ਗੁਰੂ ਨਾਨਕ ਮੋਦੀਖ਼ਾਨਾ ਛੱਡ ਕੇ ਦੂਰ-ਦੁਰੇਡੇ ਸਫ਼ਰ ਦੀ ਤਿਆਰੀ ਵਿਚ ਹਨ, ਉਸ ਨੇ ਅਜਿਹਾ ਈਮਾਨਦਾਰ ਤੇ ਖ਼ਲਕਤ ਨਾਲ ਪਿਆਰ ਕਰਨ ਵਾਲਾ ਮੋਦੀ ਆਪਣੇ ਹੱਥੋਂ ਜਾਂਦਾ ਵੇਖ ਕੇ ਬਹੁਤ ਵਰਜਿਆ, ਪਰ ਜੋ ਫੈਸਲਾ ਇਤਨੀ ਲੰਮੀ ਸੋਚ-ਵਿਚਾਰ ਪਿੱਛੋਂ ਹੋਇਆ ਸੀ, ਨਵਾਬ ਉਸ ਨੂੰ ਬਦਲ ਨਾ ਸਕਿਆ। ਮੋਦੀਖ਼ਾਨੇ ਦਾ ਹਿਸਾਬ ਕਰ-ਕਰਾ ਕੇ, ਆਪਣੇ ਪਰਿਵਾਰ ਨੂੰ ਬਾਬਾ ਮੂਲਾ ਜੀ ਦੇ ਸਪੁਰਦ ਕਰਕੇ, ਭਾਈ ਮਰਦਾਨੇ ਨੂੰ ਨਾਲ ਲਿਆ ਤੇ

**"ਚੜ੍ਹਿਆ ਸੋਧਣ ਧਰਤਿ ਲੁਕਾਈ"।**

**ਪਹਿਲੀ ਉਦਾਸੀ**

**ਭਾਦਰੋਂ ਸੰਮਤ 1564 ਤੋਂ ਸੰਮਤ 1572 ਤੱਕ (8 ਸਾਲ)**

**ਸੰਨ (1507 ਤੋਂ 1515)**

**ਹਿੰਦੂ ਤੀਰਥਾਂ ਵੱਲ**

**ਬਾਬਾ ਆਇਆ ਤੀਰਥੀਂ,**

**ਤੀਰਥ ਪੁਰਬ ਸਭੇ ਫਿਰਿ ਦੇਖੇ ॥੨੫॥(੧)**

**(ਭਾਈ ਗੁਰਦਾਸ ਜੀ)**

ਤੀਰਥਾਂ 'ਤੇ ਆ ਕੇ ਸਮਝਾਇਆ ਕਿ "ਭੇਖੀ ਪ੍ਰਭੂ ਨ ਪਾਈਐ"। ਨਿਵ ਚੱਲਣ ਦੀ, ਗਰੀਬਾਂ ਨਾਲ ਪਿਆਰ ਕਰਨ ਦੀ ਜਾਚ ਸਿਖਾਈ ਤੇ ਆਖਿਆ, "ਤਾ ਕਿਛੁ ਘਾਲਿ ਪਵੈ ਦਰਿ ਲੇਖੈ"।

ਸੁਲਤਾਨਪੁਰੋਂ ਤਲਵੰਡੀ ਆਏ, ਮਾਤਾ ਪਿਤਾ ਨੂੰ ਆਪਣੇ ਲੰਮੇ ਸਫ਼ਰ ਦਾ ਮੰਤਵ ਦੱਸਣ ਲਈ। ਲਾਹੌਰ, ਦੁਨੀ ਚੰਦ ਦਾ ਸਰਾਧ, ਧੁਜਾਂ ਤੇ ਸੂਈ ਦੀ ਸਾਖੀ। ਇਥੋਂ ਐਮਨਾਬਾਦ—ਭਾਈ ਲਾਲੋ ਤੇ ਮਲਕ ਭਾਗੋ ਦੀ ਸਾਖੀ। ਵੈਸਾਖੀ ਦੇ ਪੁਰਬ ਸਮੇਂ ਹਰਿਦੁਆਰ ਅੱਪੜੇ—ਦੋ ਸਾਖੀਆਂ ਪੱਛਮ ਵੱਲ ਪਾਣੀ ਦੇਣਾ ਤੇ ਵੈਸ਼ਨਵ ਸਾਧੂ ਦਾ ਚੌਕਾ। ਨਾਨਕ ਮਤਾ—ਕੰਨ-ਪਾਟੇ ਜੋਗੀਆਂ ਨਾਲ ਗੋਸ਼ਟ। ਅਯੁੱਧਿਆ, ਪਿਰਾਗ, ਬਨਾਰਸ—ਪੰਡਤ ਚਤੁਰਦਾਸ ਨੂੰ "ਸਾਲਗਰਾਮ ਬਿਪ ਪੂਜਿ ਮਨਾਵਹੁ..."। ਗਇਆ—"ਦੀਵਾ ਮੇਰਾ ਏਕੁ ਨਾਮੁ..."। ਪਟਨਾ—ਸਾਲਸ ਰਾਇ ਜੌਹਰੀ ਤੇ ਅਧਰਕਾ, 4 ਮਹੀਨੇ ਇਥੇ ਰਹੇ, ਇਥੋਂ ਗੋਰਖਪੁਰ ਭੀ ਗਏ।

ਆਸਾਮ (ਧਨਪੁਰ) ਨੂਰ ਸ਼ਾਹ ਦੀ ਸਾਖੀ, ਜਾਦੂ ਟੂਣੇ ਤੋਂ ਵਰਜਿਆ। ਕਲਕੱਤੇ ਤੋਂ ਜਗਨ ਨਾਥ ਪੁਰੀ—"ਗਗਨ ਮੈ ਥਾਲੁ..."।

ਸਮੁੰਦਰ ਦੇ ਕੰਢੇ ਕੰਢੇ ਰਾਮੇਸ਼ਵਰ ਤੀਰਥ। ਠੱਗਾਂ ਤੇ ਮਾਨਸ-ਖਾਣਿਆਂ ਨਾਲ ਵਾਹ, ਕੌਡਾ। ਸੰਗਲਾਦੀਪ ਰਾਜਾ ਸ਼ਿਵਨਾਭ। ਪੱਛਮੀ ਕੰਢਾ, ਸੋਮਨਾਥ, ਦੁਆਰਕਾ।

ਨਰਬਦਾ ਨਦੀ ਦੇ ਕੰਢੇ ਮੰਦਰ 'ਓਅੰਕਾਰ', ਸ਼ਿਵ ਦਾ ਮੰਦਰ। ਰਿਆਸਤ ਬੀਕਾਨੇਰ, ਅਨਭੀ ਸਰਵੇੜਾ "ਸਿਰੁ ਖੋਹਾਇ ਪੀਅਹਿ..."। ਭਗਤ ਧੰਨਾ ਜੀ ਨੂੰ ਮਿਲੇ। ਪੁਸ਼ਕਰ ਤੀਰਥ। ਮਥੁਰਾ "ਸੋਈ ਚੰਦੁ ਚੜਹਿ ਸੇ ਤਾਰੇ"॥ ਬਿੰਦ੍ਰਾਬਨ-"ਵਾਇਨ ਚੇਲੇ..."। ਦਿੱਲੀ, ਪਾਨੀਪਤ। ਕੁਰਖੇਤ੍ਰ, ਪੰਡਿਤ ਨਾਨੂ ਨਾਲ ਮਾਸ 'ਤੇ ਚਰਚਾ।

ਸੁਲਤਾਨਪੁਰ, ਬੇਬੇ ਨਾਨਕੀ ਜੀ ਨੂੰ ਮਿਲੇ। ਤਲਵੰਡੀ, ਮਾਤਾ ਪਿਤਾ ਨੂੰ।

ਪੱਖੋਂ ਕੇ ਰੰਧਾਵੇ (ਰਾਵੀ ਦੇ ਕੰਢੇ) ਪਰਿਵਾਰ ਨੂੰ ਮਿਲਣ ਗਏ। ਕੌੜੀ ਮੱਲ ਦੀ ਸਾਖੀ। ਕਰਤਾਰਪੁਰ ਵਸਾਇਆ 13 ਮਾਘ ਸੰਮਤ 1573 (ਜਨਵਰੀ ਸੰਮ 1516)। ਮਾਤਾ ਪਿਤਾ ਨੂੰ ਇਥੇ ਲੈ ਆਂਦਾ, ਆਪ ਦੋ ਕੁ ਸਾਲ ਇਥੇ ਰਹੇ।

**ਦੂਜੀ ਉਦਾਸੀ**

**ਸੰਮਤ 1574 ਤੋਂ 1575 ਤਕ (ਇਕ ਸਾਲ)**

**(ਸੰਨ 1517 ਤੋਂ 1518)**

ਉੱਤਰਖੰਡ, ਸਿੱਧਾਂ ਜੋਗੀਆਂ ਦੇ ਮਠਾਂ ਵੱਲ। ਕਰਤਾਰਪੁਰੋਂ ਚੱਲ ਕੇ ਮੁੜ ਇਥੇ ਹੀ ਵਾਪਸ।

**ਫਿਰਿ ਜਾਇ ਚੜ੍ਹਿਆ ਸੁਮੇਰ ਪਰਿ,**

**ਸਿਧਿ ਮੰਡਲੀ ਦ੍ਰਿਸਟੀ ਆਈ ॥੨੮॥੧॥(ਭਾਈ ਗੁਰਦਾਸ ਜੀ)**

ਪਸਰੂਰ, ਐਮਨਾਬਾਦ। ਸਿਆਲਕੋਟ—ਸਾਖੀ ਹਮਜ਼ਾ ਗੌਂਸ। ਜੰਮੂ ਤੋਂ ਅਗਾਂਹ ਪੰਡਿਤ ਬ੍ਰਹਮ ਦਾਸ ਤੇ ਕਮਾਲ। ਕਸ਼ਮੀਰ, ਸੁਮੇਰ ਪਰਬਤ, ਜੋਗੀਆਂ ਨੂੰ ਮਿਲੇ। ਇਥੋਂ ਵਾਪਸ ਸਿਆਲਕੋਟ—ਮੂਲੇ ਖੱਤਰੀ ਦੀ ਸਾਖੀ। ਸੰਮਤ 1575 (ਸੰਨ 1518) ਵਿਚ ਵਾਪਸ ਕਰਤਾਰਪੁਰ ਪਹੁੰਚੇ।

**ਤੀਜੀ ਉਦਾਸੀ**

**ਸੰਮਤ 1575 ਤੋਂ 1578 ਤੱਕ (ਸੰਨ 1518 ਤੋਂ 1521)**

**3 ਸਾਲ ਪੱਛਮ ਦੇਸ ਵੱਲ। ਕਰਤਾਰਪੁਰੋਂ ਚੱਲੇ।**

**ਬਾਬਾ ਫਿਰਿ ਮੱਕੇ ਗਇਆ,**

**ਨੀਲ ਬਸਤ੍ਰ ਧਾਰੇ ਬਨਵਾਰੀ ॥੩੨॥੧॥ (ਭਾਈ ਗੁਰਦਾਸ ਜੀ)**

ਪਾਕਪਟਨ—ਸ਼ੇਖ਼ ਬ੍ਰਹਮ, ਜੋ ਫ਼ਰੀਦ ਜੀ ਦੀ ਗੱਦੀ 'ਤੇ ਯਾਰ੍ਹਵੇਂ ਥਾਂ ਸੀ। ਬਾਬਾ ਫ਼ਰੀਦ ਜੀ ਦੀ ਬਾਣੀ ਹਾਸਲ ਕੀਤੀ। ਤੁਲੰਭਾ—ਸੱਜਣ ਠੱਗ "ਉਜਲੁ ਕੈਹਾ ਚਿਲਕਣਾ..."।

ਹਾਜੀਆਂ ਨਾਲ ਮੱਕੇ—ਜੀਊਣ ਹਾਜੀ ਨੇ ਪੈਰੋਂ ਘਸੀਟਿਆ, ਰੁਕਨ ਦੀਨ ਨਾਲ ਬਹਿਸ, ਉਸ ਨੂੰ ਖੜਾਂਵ ਨਿਸ਼ਾਨੀ ਦਿੱਤੀ। ਮਦੀਨਾ।

**ਬਗ਼ਦਾਦ**

**ਫਿਰਿ ਬਾਬਾ ਗਇਆ ਬਗ਼ਦਾਦਿ ਨੋ, ਬਾਹਰਿ ਜਾਇ ਕੀਆ ਅਸਥਾਨਾ॥**

**ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ ॥੩੫॥੧॥**

**(ਭਾਈ ਗੁਰਦਾਸ ਜੀ)**

ਰਾਗ ਨੂੰ ਹਰਾਮ ਸਮਝੇ ਜਾਣ ਵਾਲੇ ਸ਼ਹਿਰ ਵਿਚ ਕੀਰਤਨ, ਸੱਤ ਜ਼ਿਮੀ ਅਸਮਾਨ ਮੰਨਣ ਵਾਲਿਆਂ ਨੂੰ, "ਪਾਤਾਲਾ ਪਾਤਾਲ, ਲਖ ਆਗਾਸਾ ਆਗਾਸ" ਦੱਸੇ।

ਬਲਖ਼, ਕਾਬਲ, ਪਿਸ਼ੌਰ (ਗੋਰਖ ਹੱਟੜੀ)। ਹਸਨ-ਅਬਦਾਲ—ਵਲੀ ਕੰਧਾਰੀ ਦੀ ਸਾਖੀ। ਭੇਰਾ—ਸ਼ਹੁ ਸੋਹਾਗਣ ਦੀ ਸਾਖੀ। ਡਿੰਗਾ—ਇਕ ਜੋਗੀ ਦਾ ਚਲੀਹਾ।

ਐਮਨਾਬਾਦ (ਸੰਨ 1521) ਬਾਬਰ ਦਾ ਹਮਲਾ। ਕਰਤਾਰਪੁਰ ਵਾਪਸ ਆਏ।

**ਉਦਾਸੀਆਂ ਖ਼ਤਮ**

**ਸੰਮਤ 1578 ਤੋਂ 1596 ਤਕ (ਸੰਨ 1521 ਤੋਂ 1539)**

**ਕਰਤਾਰਪੁਰ ਰਹੇ 18 ਸਾਲ।**

ਮਲਾਰ ਤੇ ਮਾਝ ਰਾਗ ਦੀਆਂ ਵਾਰਾਂ ਲਿਖੀਆਂ।

ਭਾਈ ਮਰਦਾਨੇ ਦਾ ਦੇਹਾਂਤ। ਰਮਦਾਸ ਦਾ ਬਾਲਕ ਬੂੜਾ (ਬਾਬਾ ਬੁੱਢਾ ਜੀ) ਸ਼ਰਨ।

ਬਾਬਾ ਲਹਿਣਾ ਜੀ ਸੰਮਤ 1589 (ਸੰਨ 1532) ਵਿਚ ਸ਼ਰਨ ਆਏ।

ਆਸਾ ਦੀ ਵਾਰ, ਜਪੁ ਜੀ, ਓਅੰਕਾਰ ਦੀ ਬਾਣੀ ਲਿਖੀ। ਤੁਖਾਰੀ ਰਾਗ ਦਾ 'ਬਾਰਹਮਾਹ' ਲਿਖਿਆ।

ਫੱਗਣ ਸੰਮਤ 1596 (ਮਾਰਚ 1539) ਅਚਲ ਬਟਾਲੇ, ਸ਼ਿਵਰਾਤ ਦੇ ਮੇਲੇ 'ਤੇ—ਜੋਗੀਆਂ ਨਾਲ ਚਰਚਾ, 'ਸਿਧਿ ਗੋਸਟਿ' ਕੀਤੀ। ਮੁਲਤਾਨ। ਵਾਪਸ ਕਰਤਾਰਪੁਰ ਆਏ।

ਬਾਣੀ 'ਸਿਧ ਗੋਸਟਿ' ਲਿਖੀ।

ਗੁਰੂ ਅੰਗਦ ਸਾਹਿਬ ਨੂੰ ਗੁਰਿਆਈ ਅੱਸੂ ਵਦੀ 5 ਸੰਮਤ 1596 (2 ਅੱਸੂ ਸੰਮਤ 1596, 2 ਸਤੰਬਰ ਸੰਨ 1539)।

ਜੋਤੀ ਜੋਤਿ ਸਮਾਏ ਅੱਸੂ ਵਦੀ 10, ਸੰਮਤ 1596 (7 ਅੱਸੂ ਸੰਮਤ 1596, 7 ਸਤੰਬਰ 1539)।

ਕੁੱਲ ਉਮਰ 70 ਸਾਲ 4 ਮਹੀਨੇ ਤੇ ਤਕਰੀਬਨ 19 ਦਿਨ।

# ਗੁਰੂ ਨਾਨਕ ਦੇਵ ਜੀ ਦੀ ਆਮਦ ਤੋਂ ਪਹਿਲਾਂ ਪੰਜਾਂ ਦਰਿਆਵਾਂ ਦਾ ਦੇਸ਼ ਪੰਜਾਬ

**ਰੂਪ ਸਿੰਘ, ਸਕੱਤਰ ਐਸ.ਜੀ.ਪੀ.ਸੀ. ਅੰਮ੍ਰਿਤਸਰ**

ਪੰਜਾਂ ਦਰਿਆਵਾਂ ਦੀਆਂ ਹੱਦਾਂ ਦੇ ਵਿਚਕਾਰ ਪੈਂਦੀ ਇਸ ਧਰਤੀ ਨੂੰ ਵਿਦੇਸ਼ੀ ਹਮਲਾਵਰਾਂ ਨੇ 'ਪੰਜਾਬ' ਦਾ ਨਾਮ ਦਿੱਤਾ। ਵੱਖ-ਵੱਖ ਕਾਲਾਂ ਵਿਚ ਇਸ ਖੇਤਰ ਨੂੰ ਅੱਡ-ਅੱਡ ਨਾਵਾਂ ਨਾਲ ਜਾਣਿਆ ਜਾਂਦਾ ਸੀ, ਪਰ ਇਥੋਂ ਦੇ ਬਾਸ਼ਿੰਦਿਆਂ ਨੂੰ 'ਪੰਜਾਬ' ਨਾਮ ਪਿਆਰਾ ਲੱਗਾ ਤੇ ਉਨ੍ਹਾਂ ਇਸ ਨਾਮ ਨਾਲ ਹਮੇਸ਼ਾ ਲਈ ਆਪਣਾ ਨਾਤਾ ਜੋੜ ਲਿਆ। ਪਰਮਾਤਮਾ ਨੇ ਵੀ ਇਸ ਧਰਤੀ ਨੂੰ ਦੁਨੀਆਂ ਦਾ ਸਭ ਤੋਂ ਲਾਸਾਨੀ 'ਦੈਵੀ' ਤੇ ਰੱਤ ਡੋਲ੍ਹਵਾਂ ਇਤਿਹਾਸ ਸਿਰਜਨ ਦਾ ਮਾਣ ਬਖ਼ਸ਼ਿਆ। ਜਿਥੇ ਅਧਿਆਤਮਿਕ ਪੱਖ ਤੋਂ ਇਸ ਧਰਤੀ ਉਪਰ ਜਗਤ ਦੇ ਸਰਵ-ਉੱਚ ਧਰਮ ਗ੍ਰੰਥਾਂ ਦੀ ਸਿਰਜਨਾ ਹੋਈ ਤੇ ਦੂਜੇ ਪਾਸੇ ਖੂਬਸੂਰਤੀ, ਖੁਸ਼ਹਾਲੀ ਤੇ ਆਰਥਿਕ ਅਮੀਰੀ ਨੇ ਇਸ ਧਰਤੀ ਨੂੰ ਲੁੱਟ ਦਾ ਕੇਂਦਰ ਵੀ ਬਣਾਇਆ। ਕਿਸੇ ਨੇ ਪੂਰੀ ਦੁਨੀਆਂ ਜਿੱਤਣ ਦੇ ਮਨਸੂਬੇ ਨਾਲ ਇਸ ਉੱਪਰ ਹਮਲਾ ਕੀਤਾ ਤੇ ਕਿਸੇ ਨੇ ਜਹਾਦ ਦੇ ਨਾਮ ਹੇਠ ਇਸ ਨੂੰ ਲੁੱਟਿਆ। ਲੁੱਟਾਂ ਦਾ ਸਿਲਸਿਲਾ ਖਤਮ ਕਰਨ ਤੇ ਪਰਮਾਤਮਾ ਦੇ ਦੈਵੀ ਪੈਗ਼ਾਮ ਨੂੰ ਪ੍ਰਚਾਰਨ ਲਈ ਗੁਰੂ ਨਾਨਕ ਜੋਤ ਇਸ ਧਰਤੀ 'ਤੇ ਪ੍ਰਗਟ ਹੋਈ। ਇਸ ਦੈਵੀ ਜੋਤ ਦੇ ਪ੍ਰਗਟ ਹੋਣ ਤੋਂ ਪਹਿਲਾਂ ਇਸ ਧਰਤੀ ਉੱਪਰ ਜੋ ਵਾਪਰਿਆ, ਉਸ ਬਾਰੇ ਇਸ ਲੇਖ ਵਿਚ ਸੰਖੇਪ ਰੂਪ ਵਿਚ ਵਿਚਾਰ ਕਰਾਂਗੇ।

ਆਰੀਅਨ ਲੋਕਾਂ ਨੇ ਸਭ ਤੋਂ ਪਹਿਲਾਂ ਇਸ ਧਰਤੀ ਦੇ ਮੂਲ ਵਾਸੀਆਂ (ਦ੍ਰਾਵਿੜਾਂ) ਨੂੰ ਹਰਾ ਕੇ ਹਮੇਸ਼ਾ ਲਈ ਇਸ ਦੇਸ਼ ਨੂੰ ਆਪਣਾ ਬਸੇਰਾ ਬਣਾ ਲਿਆ। ਆਰੀਅਨ ਦੀ ਆਮਦ ਤੋਂ ਲੈ ਕੇ ਈਸਾ ਪੂਰਵ ਚੌਥੀ ਸਦੀ ਤੱਕ ਕਿਸੇ ਵਿਦੇਸ਼ੀ ਤਾਕਤ ਨੇ ਇਸ ਧਰਤੀ ਉੱਪਰ ਹਮਲਾ ਨਾ ਕੀਤਾ। ਈਸਾ ਪੂਰਵ 5ਵੀਂ ਸਦੀ ਦੌਰਾਨ ਪਰਸੀਅਨ ਰਾਜੇ ਦਾਰੁਸ, 326 ਈ.ਪੂ. ਵਿਚ ਸਿਕੰਦਰ ਅਤੇ 305 ਈ.ਪੂ. ਵਿਚ ਸਲੀਊਕਸ ਸਿਕੰਦਰ ਨੇ ਬੈਕਟੀਰੀਅਨ ਸੈਨਾ ਨਾਲ ਇਥੇ ਹਮਲਾ ਕੀਤਾ। ਇਸ ਤੋਂ ਬਾਅਦ ਯੂਨਾਨੀ ਬੈਕਟੀਰੀਅਨ ਨੇ ਲਗਪਗ 2 ਸਦੀਆਂ ਤੱਕ ਇਸ ਧਰਤੀ ਉੱਪਰ ਰਾਜ ਕੀਤਾ। ਅਸ਼ੋਕ ਸਮਰਾਟ ਨੇ ਬੈਕਟੀਰੀਅਨ ਸੈਨਾ ਨੂੰ ਹਰਾ ਕੇ ਲਗਪਗ ਸਾਰੇ ਭਾਰਤ ਉੱਪਰ ਆਪਣਾ ਰਾਜ ਸਥਾਪਿਤ ਕੀਤਾ। ਈਸਾ ਪੂਰਵ ਦੂਜੀ ਸਦੀ ਤੋਂ ਲੈ ਕੇ ਸਤਵੀਂ ਸਦੀ ਤੱਕ ਸ਼ੱਕ, ਪਰਸ਼ੀਅਨ, ਕੁਸ਼ਾਨ ਅਤੇ ਹੂਨ ਆਦਿ ਵੱਖ-ਵੱਖ ਹਮਲਾਵਰਾਂ ਨੇ ਇਸ ਧਰਤੀ ਉੱਪਰ ਹਮਲੇ ਕੀਤੇ।

7ਵੀਂ ਸਦੀ ਦੇ ਅਰੰਭ ਦੌਰਾਨ ਅਰਬ ਵਿਚ ਹਜ਼ਰਤ ਮੁਹੰਮਦ ਸਾਹਿਬ ਅੱਲਾ ਦੇ ਪੈਗ਼ਾਮ ਰਾਹੀਂ ਕਬਾਇਲੀ ਲੋਕਾਂ ਨੂੰ ਸੰਗਠਿਤ ਕਰਕੇ ਇਸਲਾਮ ਦੇ ਧਾਰਨੀ ਬਣਾ ਰਹੇ ਸਨ। ਇਸਲਾਮ ਧਰਮ ਨੇ ਕਬਾਇਲੀ ਲੋਕਾਂ ਨੂੰ ਬੁੱਤ ਪ੍ਰਸਤੀ ਤੋਂ ਹਟਾ ਕੇ ਇਕ ਪਰਮਾਤਮਾ ਵਿਚ ਵਿਸ਼ਵਾਸ ਦੇ ਧਾਰਨੀ ਬਣਾ ਦਿੱਤਾ। ਹਜ਼ਰਤ ਮੁਹੰਮਦ ਨੇ ਇਸਲਾਮ ਨੂੰ ਪ੍ਰਚਾਰਨ ਲਈ ਵੱਖ-ਵੱਖ ਸਿਧਾਂਤ ਬਣਾਏ। ਜਹਾਦ ਇਨ੍ਹਾਂ ਸਿਧਾਂਤਾਂ ਵਿਚੋਂ ਇਕ ਪ੍ਰਮੁੱਖ ਸਿਧਾਂਤ ਸੀ। ਮੁਹੰਮਦ ਸਾਹਿਬ ਦੁਆਰਾ ਦਿੱਤੇ ਧਰਮ ਯੁੱਧ (ਜਹਾਦ) ਦੇ ਸਿਧਾਂਤ ਦੇ ਅਸਲ ਭਾਵ ਨੂੰ ਭੁੱਲ ਕੇ ਮੁਸਲਿਮ ਹਮਲਾਵਰ ਇਸ ਸਿਧਾਂਤ ਨੂੰ ਸ੍ਵੈ ਹਿੱਤ ਲਈ ਵਰਤਣ ਲੱਗ ਪਏ। ਉਨ੍ਹਾਂ ਨੇ ਗ਼ੈਰ ਇਸਲਾਮੀ ਮੁਲਕਾਂ ਵਿਚ ਇਸਲਾਮ ਨੂੰ ਪ੍ਰਚਾਰਣ ਦੇ ਨਾਮ ਹੇਠ ਨਿਰੰਤਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਪੰਜਾਬ ਦੀ ਇਸ ਧਰਤੀ ਉਪਰ ਵੀ ਕਤਲੋ-ਗਾਰਤ, ਲੁੱਟ-ਖਸੁੱਟ ਦਾ ਤਾਂਡਵ ਹੋਣ ਲੱਗਾ। ਮੁਹੰਮਦ ਬਿਨ ਕਾਸਿਮ ਨੇ 712 ਈ. ਵਿਚ ਸਿੰਧ ਉੱਪਰ ਪਹਿਲਾ ਹਮਲਾ ਕਰਕੇ, ਦੂਸਰੇ ਮੁਸਲਿਮ ਹਮਲਾਵਰਾਂ ਲਈ ਇਸ ਦੇਸ਼ ਨੂੰ ਲੁੱਟਣ ਦਾ ਰਾਹ ਖੋਲ੍ਹਿਆ। ਮੁਹੰਮਦ ਗੌਰੀ, ਮਹਿਮੂਦ ਗਜਨੀ, ਕੁਤਬ-ਦੀਨ-ਐਬਕ, ਅਲਤਮਸ, ਮੁਹੰਮਦ ਬਿਨ ਤੁਗਲਕ ਤੇ ਲੋਧੀ ਸ਼ਾਸਕਾਂ ਦੁਆਰਾ ਪੰਜਾਂ ਦਰਿਆਵਾਂ ਦੇ ਦੇਸ਼ ਅੰਦਰ ਧਰਮ ਦੇ ਨਾਮ ਹੇਠ ਕੀਤੀ ਕਤਲੋਗਾਰਤ, ਪੱਖਪਾਤੀ ਰਵੱਈਆ ਹੇਠ ਦਿੱਤੀਆਂ ਟਿੱਪਣੀਆਂ ਤੋਂ ਸਿੱਧ ਹੁੰਦਾ ਹੈ।

ਗਜਨੀ ਦੇ ਬਾਦਸ਼ਾਹ, ਸਹਾਬ-ਉ-ਦੀਨ ਮੁਹੰਮਦ ਗੌਰੀ ਨੇ ਅਜਮੇਰ ਅਤੇ ਦਿੱਲੀ ਦੇ ਰਾਜੇ ਪ੍ਰਿਥਵੀ ਰਾਜ ਚੌਹਾਨ (1192) ਨੂੰ ਮਾਰ ਕੇ ਹਿੰਦੋਸਤਾਨ ਵਿਚ ਇਸਲਾਮਿਕ ਰਾਜ ਦੀ ਨੀਂਹ ਰੱਖੀ। ਉਸ ਨੇ ਅਜਮੇਰ ਦੇ ਹਜ਼ਾਰਾਂ ਵਸਨੀਕਾਂ (ਜਿਨ੍ਹਾਂ ਨੇ ਉਸ ਦਾ ਵਿਰੋਧ ਕੀਤਾ ਸੀ) ਨੂੰ ਗੁਲਾਮ ਬਣਾ ਲਿਆ। ਬਨਾਰਸ ਉੱਪਰ ਜਿੱਤ ਤੋਂ ਬਾਅਦ ਬਹੁਤ ਸਾਰੇ ਹਿੰਦੂਆਂ ਨੂੰ ਕਤਲ ਕਰ ਦਿੱਤਾ ਗਿਆ। ਹਸਨਨਿਜਾਮ-ਏ-ਨਾਇਸ਼ਪੁਰੀ, ਪੁਸਤਕ 'ਤਾਜ-ਉਲ-ਮਾਸ਼ੀਰ' ਵਿਚ ਬਿਆਨ ਕਰਦਾ ਹੈ ਕਿ ਕੁਤਬ ਦੀਨ ਐਬਕ (1206-1210) ਨੇ ਜਦੋਂ ਮੇਰਠ ਨੂੰ ਜਿੱਤਿਆ ਤਾਂ ਉਸ ਨੇ ਸ਼ਹਿਰ ਦੇ ਸਾਰੇ ਮੰਦਰ ਤਬਾਹ ਕਰਕੇ ਉਨ੍ਹਾਂ ਥਾਵਾਂ ਉੱਪਰ ਮਸਜਿਦਾਂ ਉਸਾਰ ਦਿੱਤੀਆਂ। ਕੋਲ ਸ਼ਹਿਰ (ਮੌਜੂਦਾ ਅਲੀਗੜ੍ਹ) ਦੇ ਹਿੰਦੂਆਂ ਨੂੰ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾ ਦਿੱਤਾ, ਜਿਸ ਵੀ ਹਿੰਦੂ ਨੇ ਇਸਲਾਮ ਕਬੂਲਣ ਤੋਂ ਨਾਂਹ ਕੀਤੀ ਉਸ ਦਾ ਸਿਰ ਧੜ ਤੋਂ ਅੱਡ ਕਰ ਦਿੱਤਾ। ਕਾਲਿੰਜ਼ਰ ਸ਼ਹਿਰ ਦੇ 113 ਮੰਦਰਾਂ ਨੂੰ ਢਾਹ ਕੇ ਉਨ੍ਹਾਂ ਦੀ ਥਾਂ ਮਸਜਿਦਾਂ ਉਸਾਰ ਦਿੱਤੀਆਂ ਗਈਆਂ। ਇਕ ਲੱਖ ਦੇ ਕਰੀਬ ਹਿੰਦੂਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਪੰਜਾਹ ਹਜ਼ਾਰ ਦੇ ਕਰੀਬ ਹਿੰਦੂਆਂ ਨੂੰ ਗ਼ੁਲਾਮ ਬਣਾ ਲਿਆ। ਮਿਨਹਾਜ-ਉਲ-ਸ਼ੀਰਾਜ 'ਤਵਾਰੀਖ਼ ਤਬਾਕਤ-ਏ-ਨਾਸੀਰੀ' ਵਿਚ ਲਿਖਦਾ ਹੈ ਕਿ ਮੁਹੰਮਦ ਬਖ਼ਤਿਆਰ ਖਿਲਜੀ ਨੇ ਬਿਹਾਰ ਉੱਪਰ ਹਮਲਾ ਕਰਕੇ ਤਕਰੀਬਨ ਇਕ ਲੱਖ ਦੇ ਕਰੀਬ ਬ੍ਰਾਹਮਣਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਪ੍ਰਾਚੀਨ ਸੰਸਕ੍ਰਿਤ ਗ੍ਰੰਥਾਂ ਦੀ ਇਕ ਬਹੁਤ ਕੀਮਤੀ ਲਾਇਬ੍ਰੇਰੀ ਵੀ ਸਾੜ ਦਿੱਤੀ।

ਅਬਦੁਲਾ ਵਸਫ, 'ਤਜਾਰੀਈਅਤ-ਉਲ-ਅਸਰ' ਵਿਚ ਲਿਖਦਾ ਹੈ ਕਿ ਜਦੋਂ ਅਲਾਉ-ਦੀਨ-ਖਿਲਜੀ ਨੇ ਕਮਬਾਇਤ ਸ਼ਹਿਰ ਨੂੰ ਆਪਣੇ ਅਧੀਨ ਕੀਤਾ ਤਾਂ ਉਸ ਨੇ ਬਾਲਗ ਹਿੰਦੂਆਂ ਨੂੰ ਇਸਲਾਮ ਦੀ ਵਡਿਆਈ ਕਾਰਣ ਮੌਤ ਦੇ ਘਾਟ ਉਤਾਰ ਦਿੱਤਾ ਤੇ ਵੀਹ ਹਜ਼ਾਰ ਦੇ ਕਰੀਬ ਔਰਤਾਂ ਨੂੰ ਆਪਣੀਆਂ ਦਾਸੀਆਂ ਬਣਾ ਲਿਆ।

ਮੁਸਲਿਮ ਸ਼ਾਸਕਾਂ ਨੇ ਹਿੰਦੂਆਂ ਉੱਪਰ ਕਈ ਤਰ੍ਹਾਂ ਦੀਆਂ ਧਾਰਮਿਕ ਪਾਬੰਦੀਆਂ ਵੀ ਲਗਾਈਆਂ ਹੋਈਆਂ ਸਨ। ਫ਼ਤਵਾ-ਏ-ਆਲਮਗੀਰੀ ਨੇ ਐਲਾਨ ਕੀਤਾ ਸੀ ਕਿ ਹਿੰਦੂਆਂ ਨੂੰ ਮੁਸਲਮਾਨਾਂ ਦੀ ਤਰ੍ਹਾਂ ਭੇਸ ਨਹੀਂ ਬਣਾਉਣਾ ਚਾਹੀਦਾ। ਵੱਖਰੀ ਪਹਿਚਾਣ ਦੇ ਲਈ ਉਨ੍ਹਾਂ ਨੂੰ ਆਪਣੇ ਕੱਪੜਿਆਂ ਦੇ ਨਾਲ ਇਕ ਟਾਕੀ ਲਗਾਉਣੀ ਪੈਂਦੀ ਸੀ। ਉਨ੍ਹਾਂ ਨੂੰ ਸਿਰ ਉੱਪਰ ਪੱਗੜੀ ਬੰਨ੍ਹਣ ਦਾ ਵੀ ਅਧਿਕਾਰ ਨਹੀਂ ਸੀ। ਡਾ. ਕੇ.ਏ. ਨਾਜ਼ਮੀ ਲਿਖਦੇ ਹਨ ਕਿ ਹਿੰਦੂਆਂ ਨੂੰ ਵਧੀਆ ਕੱਪੜੇ ਪਹਿਨਣ, ਘੋੜ ਸਵਾਰੀ ਕਰਨ ਤੇ ਹਥਿਆਰ ਰੱਖਣ ਦਾ ਅਧਿਕਾਰ ਨਹੀਂ ਸੀ। 'ਖੁਲਾਸਤੁਤ ਤਵਾਰੀਖ਼' ਦਾ ਕਰਤਾ ਸੁਜਾਨ ਰਾਏ ਭੰਡਾਰੀ ਲਿਖਦਾ ਹੈ ਕਿ ਉਸ ਸਮੇਂ ਹਿੰਦੂਆਂ ਦੀਆਂ ਪੁਸਤਕਾਂ ਸਾੜ ਦਿੱਤੀਆਂ ਜਾਂਦੀਆਂ ਸਨ ਜਾਂ ਪਾਣੀ ਵਿਚ ਸੁੱਟ ਦਿੱਤੀਆਂ ਜਾਂਦੀਆਂ ਸਨ, ਹਾਲਾਤ ਇਥੋਂ ਤੱਕ ਵਿਗੜ ਚੁੱਕੇ ਸਨ ਕਿ ਹਿੰਦੂ ਆਪਣੇ ਘਰਾਂ ਵਿਚ ਵੀ ਆਪਣੇ ਆਪ ਨੂੰ ਆਜ਼ਾਦ ਮਹਿਸੂਸ ਨਹੀਂ ਸਨ

ਕਰਦੇ। ਡਾ. ਸ੍ਰੀਵਾਸਤਵ ਦੇ ਅਨੁਸਾਰ ਅਲਾਉ-ਦੀਨ ਖਿਲਜੀ, ਫਿਰੋਜ਼ ਸ਼ਾਹ ਤੁਗਲਕ ਅਤੇ ਸਿਕੰਦਰ ਲੋਧੀ ਦੇ ਰਾਜ ਵਿਚ ਹਿੰਦੂਆਂ ਨੂੰ ਵਧੀਆ ਕੱਪੜੇ ਪਾਉਣ ਤੇ ਘੋੜ ਸਵਾਰੀ ਦੀ ਮਨਾਹੀ ਸੀ। ਉਨ੍ਹਾਂ ਨੂੰ ਨਵੇਂ ਮੰਦਰ ਬਣਾਉਣ ਤੇ ਪੁਰਾਣਿਆਂ ਦੀ ਮੁਰੰਮਤ ਕਰਾਉਣ ਦੀ ਵੀ ਆਗਿਆ ਨਹੀਂ ਸੀ। ਮਥੁਰਾ ਵਿਖੇ ਕੇਸ਼ਵ ਦੇਵ ਦਾ ਮੰਦਰ ਮੁਹੰਮਦ ਤੁਗਲਕ ਦੁਆਰਾ ਨੀਹਾਂ ਤੋਂ ਪੁੱਟਵਾ ਦਿੱਤਾ ਗਿਆ ਜਦੋਂ ਇਹ ਦੁਬਾਰਾ ਤਿਆਰ ਹੋਇਆ ਤਾਂ ਫਿਰ ਸਿਕੰਦਰ ਲੋਧੀ ਨੇ ਇਸ ਨੂੰ ਤਬਾਹ ਕਰ ਦਿੱਤਾ।

ਮਹਿਮੂਦ ਗਜ਼ਨਵੀ ਦੁਆਰਾ ਸੋਮਨਾਥ ਮੰਦਰ ਦੀ ਲੁੱਟ ਦੇ ਕਿੱਸੇ ਇਸ ਦੇਸ਼ ਦੇ ਲੋਕਾਂ ਦੀ ਸਿਮਰਤੀ ਦਾ ਹਿੱਸਾ ਬਣ ਚੁੱਕੇ ਹਨ। ਅਲਤਮਸ ਨੇ ਤਿੰਨ ਸੌ ਸਾਲਾ ਪੁਰਾਣਾ ਮਹਾਂਕਾਲੀ ਮੰਦਰ ਨੀਹਾਂ ਤੱਕ ਪੁਟਵਾ ਕੇ ਉਸ ਵਿਚਲੀਆਂ ਮੂਰਤੀਆਂ ਪੈਰਾਂ ਹੇਠ ਲਤਾੜਨ ਲਈ ਦਿੱਲੀ ਦੀ ਜਾਮਾ ਮਸਜਿਦ ਦੇ ਲਾਂਘੇ ਵਿਚ ਗਡਵਾ ਦਿੱਤੀਆਂ। ਭਾਵੇਂ ਸੁਲਤਾਨ ਫਿਰੋਜ਼ ਸ਼ਾਹ ਤੁਗਲਕ ਹਿੰਦੂ ਰਾਜਪੂਤ ਮਾਤਾ ਦੀ ਕੁੱਖੋਂ ਪੈਦਾ ਹੋਇਆ ਸੀ ਪਰੰਤੂ ਉਸ ਨੂੰ ਆਪਣੀ ਮਾਂ ਦੇ ਧਰਮ ਨਾਲ ਕੋਈ ਲਗਾਉ ਨਹੀਂ ਸੀ। ਉਸ ਦੁਆਰਾ ਨਗਰ ਕੋਟ ਤੇ ਜਵਾਲਾਮੁਖੀ ਦੀਆਂ ਪ੍ਰਸਿੱਧ ਮੂਰਤੀਆਂ ਢਹਿ-ਢੇਰੀ ਕਰਕੇ ਝਟਕਈਆਂ ਨੂੰ ਭਾਰ ਤੋਲਣ ਲਈ ਦੇ ਦਿੱਤੀਆਂ ਗਈਆਂ।

ਫਿਰੋਜ਼ ਸ਼ਾਹ ਤੁਗਲਕ ਦੀ ਤਰ੍ਹਾਂ ਸਿਕੰਦਰ ਲੋਧੀ ਵੀ ਹਿੰਦੂ ਸੁਨਿਆਰੀ ਮਾਂ ਦੀ ਕੁੱਖੋਂ ਜੰਮਿਆ ਸੀ, ਪਰ ਉਸ ਨੂੰ ਵੀ ਆਪਣੀ ਮਾਂ ਦੇ ਧਰਮ ਨਾਲ ਕੋਈ ਜਜ਼ਬਾਤੀ ਲਗਾਉ ਨਹੀਂ ਸੀ। ਉਸ ਦੁਆਰਾ ਤਬਾਹ ਕੀਤੇ ਗਏ ਹਿੰਦੂ ਮੰਦਰਾਂ ਤੋਂ ਉਸ ਦੀ ਇਸਲਾਮ ਪ੍ਰਸਤੀ ਪ੍ਰਤੱਖ ਜ਼ਾਹਿਰ ਹੁੰਦੀ ਹੈ। 'ਤਾਰੀਖ-ਏ-ਦਾਉਦੀ' ਦਾ ਕਰਤਾ ਲਿਖਦਾ ਹੈ ਕਿ ਉਸ ਨੇ ਕਾਫਰਾਂ ਦੇ ਬਹੁਤ ਸਾਰੇ ਮੰਦਰ ਤਬਾਹ ਕਰ ਦਿੱਤੇ, ਉਨ੍ਹਾਂ ਮੰਦਰਾਂ ਦਾ ਕੋਈ ਚਿੰਨ੍ਹ ਤੱਕ ਵੀ ਬਾਕੀ ਨਾ ਰਹਿਣ ਦਿੱਤਾ। ਉਸ ਨੇ ਮਥੁਰਾ ਦੇ ਸਾਰੇ ਮੰਦਰ ਤਬਾਹ ਕਰਕੇ, ਉਨ੍ਹਾਂ ਦੀ ਥਾਂ ਸਰਾਵਾਂ ਤੇ ਪੜ੍ਹਨ ਲਈ ਮਦਰੱਸੇ ਉਸਾਰ ਦਿੱਤੇ। ਪੱਥਰ ਦੀਆਂ ਮੂਰਤੀਆਂ ਝਟਕਈਆਂ (ਮੀਟ ਵੇਚਣ ਵਾਲਿਆਂ) ਨੂੰ ਭਾਰ ਤੋਲਣ ਲਈ ਦੇ ਦਿੱਤੀਆਂ। ਸਿਕੰਦਰ ਲੋਧੀ ਲਿਖਦਾ ਹੈ ਕਿ 'ਮੈਂ 432000 ਕਾਫਰਾਂ ਨੂੰ ਮੋਮਨ ਬਣਾਇਆ ਅਤੇ 263000 ਹਿੰਦੂ ਕਤਲ ਕੀਤੇ। ਮਥੁਰਾ ਦੇ ਸਾਰੇ ਹਿੰਦੂਆਂ ਨੂੰ ਸਿਰ ਦੇ ਵਾਲ, ਦਾੜ੍ਹੀ ਕਟਵਾਉਣ ਤੇ ਤੀਰਥ ਇਸ਼ਨਾਨ ਕਰਨ ਦੀ ਸਖਤ ਮਨਾਹੀ ਸੀ। ਇਥੋਂ ਤੱਕ ਕਿ ਮਥੁਰਾ ਵਿਚ ਵਾਲ ਕੱਟਣ ਲਈ ਕੋਈ ਨਾਈਂ ਤੱਕ ਨਹੀਂ ਸੀ ਮਿਲਦਾ। ਸਿਕੰਦਰ ਲੋਧੀ ਨੇ ਇਕ ਬੋਧਨ ਬ੍ਰਾਹਮਣ ਦਾ ਇਸ ਲਈ ਕਤਲ ਕਰਵਾ ਦਿੱਤਾ ਕਿਉਂਕਿ ਉਸ ਨੇ ਸ਼ਰੇਆਮ ਇਹ ਕਹਿਣ ਦੀ ਜੁਅਰਤ ਕੀਤੀ ਸੀ ਕਿ ਇਸਲਾਮ ਦੀ ਤਰ੍ਹਾਂ ਦੂਜੇ ਧਰਮ ਵੀ ਸੱਚੇ ਹਨ। ਅਬਦੁਲ ਮਜੀਦ ਖਾਨ ਲੋਧੀ, ਸਲਤਨਤ ਬਾਰੇ ਲਿਖਦਾ ਹੈ ਕਿ ਉਸ ਕਾਲ ਵਿਚ ਬੜੇ ਭਿਆਨਕ ਕਤਲ ਹੁੰਦੇ ਸਨ, ਲੁੱਟਾਂ-ਖੋਹਾਂ, ਡਾਕੇ ਆਮ ਸਨ। ਇਸ ਰਾਜ ਵਿਚ ਸਨਮਾਨ, ਨਿਆਂ ਤੇ ਵਫ਼ਾਦਾਰੀ ਖਰੀਦੇ ਤੇ ਵੇਚੇ ਜਾਂਦੇ ਸਨ।

ਇਥੇ ਇਹ ਤੱਥ ਵਿਚਾਰਯੋਗ ਹੈ ਕਿ ਅਜਿਹੇ ਕਿਹੜੇ ਕਾਰਨ ਸਨ ਜਿਸ ਕਰਕੇ ਮੁਸਲਿਮ ਹਾਕਮਾਂ ਨੇ ਹਿੰਦੂਆਂ ਉਂਪਰ ਬੇਇੰਤਹਾ ਅੱਤਿਆਚਾਰ ਕੀਤੇ? ਉਨ੍ਹਾਂ ਨੂੰ ਮਜਬੂਰਨ ਜਾਂ ਜਬਰੀ ਇਸਲਾਮ ਵਿਚ ਪਰਿਵਰਤਨ ਕਿਉਂ ਕੀਤਾ ਗਿਆ? ਹਿੰਦੂ ਰਾਜਿਆਂ ਨੇ ਇਸਲਾਮਿਕ ਦੇਸ਼ਾਂ ਨੂੰ ਲੁੱਟਣ ਬਾਰੇ ਕਿਉਂ ਨਾ ਸੋਚਿਆ?

ਸਭ ਤੋਂ ਪਹਿਲਾਂ ਅਸੀਂ ਇਸ ਤੱਥ ਬਾਰੇ ਵਿਚਾਰ ਕਰਾਂਗੇ ਕਿ ਹਿੰਦੂ ਰਾਜਿਆਂ ਨੇ ਦੂਜੇ ਦੇਸ਼ਾਂ ਵਿਚ ਆਪਣਾ ਰਾਜ ਵਿਸਥਾਰ ਕਰਨ ਬਾਰੇ ਕਿਉਂ ਨਾ ਸੋਚਿਆ? ਇਸ ਪਿੱਛੇ ਹਿੰਦੂਆਂ ਦੀ ਮਾਨਸਿਕਤਾ ਵਿਚ ਪਈ ਹੋਈ ਉਹ ਵਿਚਾਰਧਾਰਾ ਕਾਰਜਸ਼ੀਲ ਸੀ ਜਿਸ ਬਾਰੇ ਅਲਬਰੂਨੀ ਆਪਣੀ ਕਿਤਾਬ 'ਅਲ-ਹਿੰਦ' ਵਿਚ ਲਿਖਦਾ ਹੈ ਕਿ ਹਿੰਦੂਆਂ ਦਾ ਵਿਸ਼ਵਾਸ ਹੈ ਕਿ ਉਨ੍ਹਾਂ ਦੇ ਦੇਸ਼ ਵਰਗਾ ਹੋਰ ਕੋਈ ਦੇਸ਼ ਨਹੀਂ, ਉਨ੍ਹਾਂ ਦੀ ਨਸਲ ਵਰਗੀ ਹੋਰ ਕੋਈ ਮਨੁੱਖੀ ਨਸਲ ਨਹੀਂ, ਹੋਰ ਕਿਸੇ ਕੋਲ ਉਨ੍ਹਾਂ ਦੇ ਵਿਗਿਆਨ ਵਰਗਾ ਵਿਗਿਆਨ ਨਹੀਂ, ਉਨ੍ਹਾਂ ਦੇ ਰਾਜਿਆਂ ਵਰਗੇ ਰਾਜੇ ਨਹੀਂ। ਸਮੁੰਦਰੀ ਸਫ਼ਰ ਕਰਨਾ ਉਨ੍ਹਾਂ ਲਈ ਪਾਪ ਕਰਮ ਸੀ। ਸਿੰਧ ਦਰਿਆ ਨੂੰ ਪਾਰ ਕਰਕੇ ਅਜਿਹੇ ਪ੍ਰਾਂਤ ਵਿਚ ਜਾਣਾ, ਜਿਥੇ ਗੈਰ ਜਾਤੀ ਦੇ ਲੋਕ ਸ਼ਾਸਨ ਕਰਦੇ ਹੋਣ, ਹਿੰਦੂਆਂ ਲਈ ਧਾਰਮਿਕ ਤੌਰ 'ਤੇ ਵਿਵਰਜਿਤ ਸੀ। ਇਨ੍ਹਾਂ ਬਣਾਏ ਹੋਏ ਧਾਰਮਿਕ ਮਾਪ-ਦੰਡਾਂ ਕਾਰਨ ਹਿੰਦੂਆਂ ਨੂੰ ਆਪਣੇ ਦੇਸ਼ ਦੀਆਂ ਸੀਮਾਵਾਂ ਅੰਦਰ ਹੀ ਰਹਿਣਾ ਪੈਂਦਾ ਸੀ। ਦੂਜੇ ਪਾਸੇ ਮੁਸਲਿਮ ਵਪਾਰੀ ਪੂਰੀ ਅਜ਼ਾਦੀ ਨਾਲ ਇਸ ਦੇਸ਼ ਵਿਚ ਆ ਕੇ ਘੁੰਮਦੇ ਫਿਰਦੇ ਤੇ ਵਪਾਰ ਕਰਦੇ। ਜਿਥੇ ਉਨ੍ਹਾਂ ਨੂੰ ਹਿੰਦੂਆਂ ਦੀ ਇਸ ਵਿਚਾਰਧਾਰਾ ਤੋਂ ਵਪਾਰਕ ਲਾਭ ਮਿਲਿਆ, ਉਥੇ ਨਾਲ ਹੀ ਉਨ੍ਹਾਂ ਨੂੰ ਇਸ ਦੇਸ਼ ਅੰਦਰ ਘੁਸਪੈਠ ਕਰਨ ਦਾ ਮੌਕਾ ਵੀ ਮਿਲਿਆ।

ਹੁਣ ਵੇਖਣਾ ਇਹ ਹੈ ਕਿ ਮੁਸਲਮਾਨ ਹਾਕਮਾਂ ਨੇ ਹਿੰਦੂਆਂ ਉੱਪਰ ਇੰਨੇ ਅੱਤਿਆਚਾਰ ਕਿਉਂ ਕੀਤੇ? ਕਿਸ ਵਿਚਾਰਧਾਰਾ ਨੇ ਉਨ੍ਹਾਂ ਨੂੰ ਇਹ ਸਭ ਕੁਝ ਕਰਨ ਲਈ ਪ੍ਰੇਰਿਤ ਕੀਤਾ? ਜੇ ਇਕ ਪਾਸੇ ਹਿੰਦੂ ਆਪਣੇ ਧਰਮ ਦੀ ਮਰਿਯਾਦਾ ਅਧੀਨ ਚੱਲ ਰਹੇ ਸਨ ਤਾਂ ਦੂਜੇ ਪਾਸੇ ਮੁਸਲਮਾਨ ਇਸਲਾਮਿਕ ਸ਼ਰੀਅਤ ਨੂੰ ਪਾਲਣ ਹਿਤ ਇਹ ਸਭ ਕੁਝ ਕਰ ਰਹੇ ਸਨ ਕਿਉਂਕਿ ਕੁਰਾਨ ਅਨੁਸਾਰ ਬੁੱਤ ਪ੍ਰਸਤਾਂ ਨੂੰ ਇਸ ਧਰਤੀ ਉੱਪਰ ਰਹਿਣ ਦਾ ਕੋਈ ਅਧਿਕਾਰ ਨਹੀਂ। ਸਿਰਫ਼ ਦੋ ਤਰ੍ਹਾਂ ਦੇ ਲੋਕ ਇਸਲਾਮ ਦੇ ਅਨੁਸਾਰ ਇਸ ਧਰਤੀ 'ਤੇ ਰਹਿਣ ਦੇ ਹੱਕਦਾਰ ਹਨ, ਇਕ ਅਹਿਲ-ਏ-ਇਸਲਾਮ, ਮੁਸਲਿਮ ਦੇ ਦੂਸਰੇ ਅਹਿਲ-ਏ-ਕਿਤਾਬ, (ਬਾਈਬਲ) ਵਿਚ ਵਿਸ਼ਵਾਸ ਰੱਖਣ ਵਾਲੇ। ਈਸਾਈ ਤੇ ਯਹੂਦੀ ਅਹਿਲ-ਏ-ਕਿਤਾਬ ਦੀ ਸ਼੍ਰੇਣੀ ਵਿਚ ਆਉਂਦੇ ਹਨ। ਪ੍ਰੰਤੂ ਅਹਿਲ-ਏ-ਕਿਤਾਬ ਦੇ ਮੰਨਣ ਵਾਲਿਆਂ ਨੂੰ ਮੁਸਲਮਾਨਾਂ ਤੋਂ ਹੇਠਲੇ ਦਰਜੇ (ਜ਼ਮੀਂ) ਦਾ ਰੁਤਬਾ ਦੇ ਕੇ ਇਸਲਾਮਿਕ ਦੇਸ਼ ਵਿਚ ਰਹਿਣ ਦੀ ਆਗਿਆ ਦਿੱਤੀ ਜਾਂਦੀ ਸੀ। ਇਸਲਾਮਿਕ ਰਾਜ ਵਿਚ ਰਹਿਣ ਲਈ ਉਨ੍ਹਾਂ ਨੂੰ ਜਜ਼ੀਆ ਦੇਣਾ ਪੈਂਦਾ ਸੀ। ਕੁਰਾਨ ਅਨੁਸਾਰ ਦਾਰ-ਉਲ-ਹਰਬ 'ਤੇ ਵਸਦੇ ਬੁੱਤ ਪ੍ਰਸਤਾਂ ਦੇ ਵਿਰੁੱਧ ਉਸ ਸਮੇਂ ਤੱਕ ਜ਼ਹਾਦ (ਧਰਮ ਯੁੱਧ) ਛੇੜ ਕੇ ਰੱਖੋ ਜਦੋਂ ਤੱਕ ਉਹ ਧਰਤੀ ਦਾਰ-ਉਲ-ਇਸਲਾਮ ਵਿਚ ਨਹੀਂ ਬਦਲ ਜਾਂਦੀ।

ਕੁਰਾਨ ਦਾ ਇਹ ਸਿਧਾਂਤ ਮੁਸਲਿਮ ਹਮਲਾਵਰਾਂ ਲਈ ਵਰਦਾਨ ਸਾਬਿਤ ਹੋਇਆ। ਉਨ੍ਹਾਂ ਧੰਨ ਸੰਪਤੀ ਇਕੱਤਰ ਕਰਨ ਦੇ ਲਾਲਚ ਨੂੰ, ਇਸਲਾਮਿਕ ਪ੍ਰਚਾਰ ਨਾਲ ਜੋੜ ਕੇ ਇਸ ਦੇਸ਼ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਜਹਾਦ ਦੇ ਨਾਮ ਹੇਠ ਉਨ੍ਹਾਂ ਇਸ ਦੇਸ਼ ਦੀ ਤਵਾਰੀਖ ਖੂਨ ਨਾਲ ਲੱਥ-ਪੱਥ ਕਰ ਦਿੱਤਾ। ਭਾਵੇਂ ਸ਼ੁਰੂ ਦੇ ਹਮਲਾਵਰਾਂ ਨੇ ਇਸ ਦੇਸ਼ ਨੂੰ ਲੁੱਟਣ ਦੇ ਮਕਸਦ ਨਾਲ ਹੀ ਹਮਲੇ ਕੀਤੇ ਪਰੰਤੂ ਮੁਹੰਮਦ ਗੌਰੀ ਨੇ 1192 ਈ. ਵਿਚ ਪ੍ਰਿਥਵੀ ਰਾਜ ਚੌਹਾਨ ਨੂੰ ਕਤਲ ਕਰਕੇ ਇਸ ਦੇਸ਼ ਵਿਚ ਇਸਲਾਮਿਕ ਹਕੂਮਤ ਦੀ ਨੀਂਹ ਰੱਖੀ। ਇਸ ਰਾਜਨੀਤਕ ਪਰਿਵਰਤਨ ਕਾਰਣ ਇਸ ਦੇਸ਼ ਦੇ ਹਰ ਖੇਤਰ, ਸਭਿਆਚਾਰਕ, ਆਰਥਿਕ, ਧਾਰਮਿਕ, ਸਮਾਜਿਕ ਦਾ ਰੂਪਾਂਤ੍ਰਣ ਹੋਣਾ ਇਕ ਸੁਭਾਵਿਕ ਗੱਲ ਸੀ। ਪਹਿਲਾਂ ਜਿੱਥੇ ਇਸ ਦੇਸ਼ ਅੰਦਰ ਰਾਜ ਨੂੰ ਚਲਾਉਣ ਲਈ ਬ੍ਰਾਹਮਣ ਤੇ ਵੈਦਿਕ ਧਰਮ ਦੀ ਪ੍ਰਮੁੱਖਤਾ ਸੀ, ਹੁਣ ਇਸਲਾਮੀ ਰਾਜ ਹੋਣ ਕਰਕੇ ਇਸ ਦੀ ਥਾਂ ਸ਼ਰੀਅਤ ਨੇ ਲੈ ਲਈ। ਕਾਜ਼ੀ ਸ਼ਰੀਅਤ ਦਾ ਪ੍ਰਤੀਨਿਧ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਮੁਸਲਿਮ ਹਾਕਮਾਂ ਦੁਆਰਾ ਧਾਰਨ ਕੀਤਾ ਸੁਲਤਾਨ ਪਦ ਸ਼ਰੀਅਤ ਦੇ ਪ੍ਰਤੀਕੂਲ ਸੀ। ਇਸਲਾਮ ਪੈਗ਼ੰਬਰ ਨੂੰ ਰੱਬ ਦਾ, ਖਲੀਫ਼ੇ ਨੂੰ ਪੈਗੰਬਰ ਦਾ ਤੇ ਸੁਲਤਾਨ ਨੂੰ ਖ਼ਲੀਫੇ ਦਾ ਪ੍ਰਤੀਨਿਧ ਮੰਨਦਾ ਹੈ ਪਰੰਤੂ ਮੁਸਲਿਮ ਧਾਰਮਿਕ ਸ਼੍ਰੇਣੀ ਨੇ ਸੁਲਤਾਨ ਨੂੰ ਰੱਬ ਦਾ ਪ੍ਰਤੀਨਿਧ ਘੋਸ਼ਿਤ ਕਰ

ਦਿੱਤਾ। ਸੁਲਤਾਨ ਨੂੰ ਜ਼ਿਲ-ਏ-ਅਲਾਹੀ (ਰੱਬੀ ਸਾਇਆ) ਬਣਾ ਦਿੱਤਾ। ਸੁਲਤਾਨ ਪ੍ਰਤੀ ਪਰਜਾ ਦੀ ਵਫ਼ਾਦਾਰੀ ਧਾਰਮਿਕ ਫਰਜ਼ ਬਣ ਗਈ ਅਤੇ ਉਸ ਦਾ ਵਿਰੋਧ ਧਾਰਮਿਕ ਪਾਪ। ਇਸ ਤਰ੍ਹਾਂ ਮੁਸਲਿਮ ਧਾਰਮਿਕ ਸ਼੍ਰੇਣੀ ਨੇ ਸੁਲਤਾਨ ਦੇ ਨਿੱਜੀ ਹਿੱਤਾਂ ਲਈ ਇਸਲਾਮਿਕ ਸਿਧਾਂਤਾਂ ਨੂੰ ਬਦਲ ਦਿੱਤਾ। ਜਿੱਥੇ ਸੁਲਤਾਨ ਇਸਲਾਮ ਦੇ ਪ੍ਰਤੀਨਿਧਾਂ ਰਾਹੀਂ ਆਪਣੇ ਰਾਜਨੀਤਕ ਸੁਆਰਥ ਦੀ ਪੂਰਤੀ ਕਰ ਰਿਹਾ ਸੀ। ਉਥੇ ਮੁਸਲਿਮ ਧਾਰਮਿਕ ਆਗੂ ਸੁਲਤਾਨ ਦੇ ਰਾਹੀਂ ਆਪਣੇ ਧਾਰਮਿਕ ਸੁਆਰਥਾਂ ਦੀ ਪੂਰਤੀ ਕਰ ਰਹੇ ਸਨ।

ਸੁਲਤਾਨ ਇਸ ਤੱਥ ਤੋਂ ਚੰਗੀ ਤਰ੍ਹਾਂ ਜਾਣੂ ਸੀ ਕਿ ਜੇ ਕਿਧਰੇ ਉਸ ਨੇ ਆਪਣੀ ਇੱਛਾ ਨੂੰ ਮੁੱਖ ਰੱਖ ਕੇ, ਧਾਰਮਿਕ ਜਮਾਤ ਦੇ ਉਲਟ ਜਾਣ ਦੀ ਕੋਸ਼ਿਸ਼ ਕੀਤੀ ਤਾਂ ਇਹ ਜਮਾਤ ਉਸ ਦੇ ਰਾਜ ਭਾਗ ਲਈ ਖ਼ਤਰਾ ਬਣ ਸਕਦੀ ਹੈ। ਇਸ ਲਈ ਜ਼ਿਆਦਾਤਰ ਮੁਸਲਿਮ ਸ਼ਾਸਕ ਇਸਲਾਮ ਦੇ ਇਨ੍ਹਾਂ ਪ੍ਰਤੀਨਿਧਾਂ ਦੁਆਰਾ ਸ਼ਰੀਅਤ ਦੇ ਆਧਾਰ ਉੱਪਰ ਦਿੱਤੇ ਫੈਸਲਿਆਂ ਨੂੰ ਹੀ ਆਪਣੇ ਰਾਜ ਵਿਚ ਲਾਗੂ ਕਰਦੇ ਸਨ। ਹਿੰਦੂਆਂ ਨਾਲ ਕਿਹੋ ਜਿਹਾ ਵਤੀਰਾ ਕੀਤਾ ਜਾਵੇ ਇਹ ਇਸਲਾਮ ਦੇ ਪ੍ਰਤੀਨਿਧਾਂ ਉੱਪਰ ਨਿਰਭਰ ਕਰਦਾ ਸੀ।

ਸ਼ਰੀਅਤ ਇਸਲਾਮਿਕ ਦੇਸ਼ ਵਿਚ ਕਿਸੇ ਵੀ ਗ਼ੈਰ ਇਸਲਾਮੀ ਕਰਮ ਕਾਂਡ ਦੀ ਇਜਾਜ਼ਤ ਨਹੀਂ ਦਿੰਦੇ। ਹਿੰਦੂਆਂ ਦੇ ਸਾਰੇ ਕਰਮ ਕਾਂਡ ਸ਼ਰੀਅਤ ਦੇ ਉਲਟ ਸਨ। ਇਸਲਾਮ ਦੇ ਧਾਰਮਿਕ ਕਾਨੂੰਨ ਅਨੁਸਾਰ ਹਿੰਦੂ ਆਪਣੇ ਹੀ ਦੇਸ਼ ਵਿਚ ਰਹਿਣ ਦਾ ਹੱਕ ਨਹੀਂ ਸਨ ਰੱਖਦੇ ਪਰ ਫਿਰ ਵੀ ਉਨ੍ਹਾਂ ਨੂੰ ਜ਼ਮੀਂ ਦਾ ਰੁਤਬਾ ਦੇ ਕੇ ਇਸ ਦੇਸ਼ ਵਿਚ ਰਹਿਣ ਦਾ ਹੱਕ ਦਿੱਤਾ ਗਿਆ। ਹਿੰਦੂਆਂ ਨੂੰ ਇਹ ਅਧਿਕਾਰ ਵੀ ਬੜੀ ਮੁਸ਼ਕਿਲ ਨਾਲ ਹਾਸਲ ਹੋਇਆ, ਕਿਉਂਕਿ ਇਸਲਾਮਿਕ ਸ਼ਰੀਅਤ ਦੀਆਂ ਮੁੱਖ ਜਮਾਤਾਂ ਹਨ ਜਿਨ੍ਹਾਂ ਵਿਚੋਂ ਤਿੰਨ ਜਮਾਤਾਂ ਮਲਿਕ-ਇਬਨ ਅਨਾਸ, ਅਲ-ਸਾਫੀ ਤੇ ਅਹਿਮਦ-ਬਿਨ ਹੰਬਲ ਮੂਰਤੀ ਪੂਜਕਾਂ ਨੂੰ ਇਸਲਾਮਿਕ ਦੇਸ਼ (ਜਿੱਥੇ ਮੁਸਲਿਮ ਰਾਜ ਹੋਵੇ) ਵਿਚ ਰੱਖਣ ਦੇ ਵਿਰੁੱਧ ਸਨ। ਉਨ੍ਹਾਂ ਅਨੁਸਾਰ ਜ਼ਮੀਂ ਦਾ ਰੁਤਬਾ ਸਿਰਫ ਅਹਿਲ-ਏ-ਕਿਤਾਬ ਨੂੰ ਮੰਨਣ ਵਾਲੇ (ਈਸਾਈ ਤੇ ਯਹੂਦੀ) ਹੀ ਲੈਣ ਦੇ ਹੱਕਦਾਰ ਸਨ। ਪ੍ਰੰਤੂ ਚੌਥੀ ਜਮਾਤ ਅਬੂ ਹਨਫੀ ਯਹੂਦੀਆਂ ਤੇ ਈਸਾਈਆਂ ਦੀ ਤਰ੍ਹਾਂ ਹਿੰਦੂਆਂ ਨੂੰ ਵੀ ਜ਼ਮੀਂ ਦਾ ਰੁਤਬਾ ਦੇਣ ਦੇ ਹੱਕ ਵਿਚ ਸੀ। ਇਸ ਚੌਥੀ ਜਮਾਤ ਸਦਕਾ ਹਿੰਦੂਆਂ ਨੂੰ ਆਪਣੇ ਹੀ ਦੇਸ਼ ਵਿਚ ਰਹਿਣ ਦਾ ਹੱਕ ਤਾਂ ਮਿਲ ਗਿਆ। ਇਸ ਹੱਕ ਦੇ ਬਾਵਜੂਦ ਵੀ ਉਨ੍ਹਾਂ ਨਾਲ ਦੂਸਰੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਕੀਤਾ ਜਾਂਦਾ ਸੀ। ਮੁਸਲਿਮ ਸ਼ਾਸਕਾਂ ਦੇ ਅੱਤਿਆਚਾਰ ਦਾ ਵੇਰਵਾ ਤਾਂ ਉੱਪਰ ਦਿੱਤਾ ਜਾ ਚੁੱਕਾ ਹੈ ਹੁਣ ਇਸਲਾਮ ਦੀ ਧਾਰਮਿਕ ਜਮਾਤ ਮੁਸਲਿਮ ਸ਼ਾਸਕਾਂ ਨੂੰ ਹਿੰਦੂਆਂ ਨਾਲ ਵਤੀਰਾ ਕਰਨ ਦੇ ਜੋ ਸੁਝਾਉ ਦਿੰਦੇ ਸਨ, ਉਸ ਬਾਰੇ ਚਰਚਾ ਕਰਾਂਗੇ।

ਖਲੀਫੇ ਦੁਆਰਾ ਯਹੂਦੀਆਂ ਤੇ ਈਸਾਈਆਂ ਨਾਲ ਹੋਏ ਸਮਝੌਤੇ ਦੇ ਆਧਾਰ ’ਤੇ ਸੇਖ ਹਮਦਾਨੀ ਨੇ ਇਸਲਾਮਿਕ ਰਾਜ ਵਿਚ ਜ਼ਮੀਂ ਦਾ ਅਧਿਕਾਰ ਪ੍ਰਾਪਤ ਵਸੀਕਾਂ ਨਾਲ ਕਿਹੋ ਜਿਹਾ ਵਿਵਹਾਰ ਕੀਤਾ ਜਾਵੇ, ਉਸ ਬਾਬਤ ਵੀਹ ਨਿਯਮ ਬਣਾਏ।

ਜ਼ਮੀਂ (1) ਬੁੱਤ ਰੱਖਣ ਲਈ ਨਵੇਂ ਮੰਦਰ ਨਹੀਂ ਬਣਾ ਸਕੇ। (2) ਉਹ ਪੁਰਾਣੇ ਮੰਦਰਾਂ ਨੂੰ ਮੁਰੰਮਤ ਨਹੀਂ ਕਰਵਾ ਸਕਦੇ। (3) ਉਨ੍ਹਾਂ ਦੇ ਮੰਦਰਾਂ ਵਿਚ ਮੁਸਲਿਮ ਯਾਤਰੂਆਂ ਨੂੰ ਠਹਿਰਣ ਦੀ ਮਨਾਹੀ ਨਹੀਂ ਹੋਣੀ ਚਾਹੀਦੀ। (4) ਉਨ੍ਹਾਂ ਦੇ ਘਰਾਂ ਵਿਚ ਮੁਸਲਿਮ ਪਰੋਹਣਿਆਂ ਨੂੰ ਬਿਨਾਂ ਕਿਸੇ ਰੋਕ ਟੋਕ ਤਿੰਨ ਦਿਨ ਤੱਕ ਠਹਿਰਣ ਦਾ ਹੱਕ ਹੋਣਾ ਚਾਹੀਦਾ ਹੈ। (5) ਘਰ ਵਿਚ ਠਹਿਰੇ ਮੁਸਲਿਮ ਮਹਿਮਾਨ ਦੇ ਸੁੱਖ ਅਰਾਮ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। (6) ਆਪਣੇ ਕਿਸੇ ਵੀ ਮੈਂਬਰ ਨੂੰ ਜਿਹੜਾ ਇਸਲਾਮ ਵਿਚ ਰੁਚੀ ਵਿਖਾਵੇ ਰੋਕਣਾ ਨਹੀਂ ਚਾਹੀਦਾ। (7) ਮੁਸਲਮਾਨਾਂ ਦੀ ਤਰ੍ਹਾਂ ਕੱਪੜੇ ਨਹੀਂ ਪਹਿਨਣੇ। (8) ਮੁਸਲਿਮ ਨਾਮ ਨਹੀਂ ਵਰਤਣੇ। (9) ਕ੍ਰਿਪਾਨ ਤੇ ਤੀਰ ਨਹੀਂ ਰੱਖਣੇ। (10) ਸ਼ਾਹੀ ਨਿਸ਼ਾਨ ਵਾਲੀ ਅੰਗੂਠੀ ਨਹੀਂ ਪਾਉਣੀ। (11) ਖੁਲ੍ਹੇ ਆਮ ਸ਼ਰਾਬ ਤੇ ਨਸ਼ੀਲੇ ਪਦਾਰਥ ਪੀਣੇ ਜਾਂ ਵੇਚਣੇ ਨਹੀਂ। (12) ਨਾ ਹੀ ਅਜਿਹੇ ਕੱਪੜੇ ਪਾਉਣ ਜਿਨ੍ਹਾਂ ਉੱਪਰ ਉਨ੍ਹਾਂ ਦੇ ਰਾਜ ਨੂੰ ਨਜ਼ਰ ਅੰਦਾਜ਼ ਕਰਨ ਦਾ ਚਿੰਨ੍ਹ ਲੱਗਾ ਹੋਵੇ। (13) ਬਹੁਦੇਵਵਾਦ ਨਾਲ ਸੰਬੰਧਿਤ ਕਰਮਕਾਂਡ ਨਹੀਂ ਪ੍ਰਚਾਰਣੇ। (14) ਮੁਸਲਮਾਨਾਂ ਦੇ ਗੁਆਂਢ ਵਿਚ ਘਰ ਨਹੀਂ ਬਣਾਉਣੇ। (15) ਮੁਸਲਮਾਨਾਂ ਦੀਆਂ ਕਬਰਾਂ ਨੇੜੇ ਆਪਣੇ ਮੁਰਦੇ ਨਹੀਂ ਦਬਾਉਣੇ। (16) ਆਪਣੇ ਮ੍ਰਿਤਕਾਂ ਦਾ ਅਫਸੋਸ ਉੱਚੀ ਆਵਾਜ਼ ਵਿਚ ਨਹੀਂ ਕਰਨਾ। (17) ਨਾ ਹੀ ਮੁਸਲਿਮ ਗ਼ੁਲਾਮ ਖਰੀਦਣੇ। (18) ਨਾ ਹੀ ਕਾਠੀ ਤੇ ਲਗਾਮ ਵਾਲੇ ਘੋੜੇ ਉੱਪਰ ਸਵਾਰੀ ਕਰਨੀ।

ਇਨ੍ਹਾਂ ਮਨਾਹੀਆਂ ਤੋਂ ਬਿਨਾਂ ਉਨ੍ਹਾਂ ਨੂੰ (19) ਮੁਸਲਮਾਨਾਂ ਦਾ ਆਦਰ ਕਰਨਾ ਚਾਹੀਦਾ ਹੈ। (20) ਉਨ੍ਹਾਂ ਦੀਆਂ ਸਭਾਵਾਂ ਵਿਚ ਮੁਸਲਮਾਨਾਂ ਨੂੰ ਆਉਣ ਦੀ ਆਗਿਆ ਹੋਣੀ ਚਾਹੀਦੀ ਹੈ। ਜੇ ਜ਼ਮੀਂ ਇਨ੍ਹਾਂ ਵਿਚੋਂ ਕਿਸੇ ਇਕ ਨਿਯਮ ਨੂੰ ਵੀ ਭੰਗ ਕਰਦਾ ਹੈ ਤਾਂ ਉਹ ਸੁਰੱਖਿਆ ਦੇ ਹੱਕਦਾਰ ਨਹੀਂ ਹੋਣਗੇ ਤੇ ਉਨ੍ਹਾਂ ਦੀ ਜ਼ਿੰਦਗੀ ਦਾ ਅਧਿਕਾਰ ਸਟੇਟ ਨੂੰ ਹੋਵੇਗਾ ਅਤੇ ਕਾਨੂੰਨੀ ਤੌਰ ’ਤੇ ਮੁਸਲਿਮ ਉਨ੍ਹਾਂ ਦੀ ਜਾਨ ਲੈਣ ਦੇ ਹੱਕਦਾਰ ਹੋਣਗੇ।

ਮੁਸਲਿਮ ਹਾਕਮਾਂ ਦੇ ਫਰਜ਼ ਨੂਰ-ਉ-ਦੀਨ ਦੁਆਰਾ ਬਣਾਏ ਨਿਯਮਵਲੀ ‘ਦੀਨ ਪਨਾਹੀ’ ਉੱਪਰ ਅਧਾਰਿਤ ਸਨ। ਨੂਰ-ਉ-ਦੀਨ ਨੇ ਅਲਤਮਸ਼ ਦੇ ਦਰਬਾਰ ਵਿਚ ਸੁਲਤਾਨ ਦੇ ਫਰਜ਼ ਨੂੰ ਇਸ ਤਰ੍ਹਾਂ ਵਰਨਣ ਕੀਤਾ। ਬਾਦਸ਼ਾਹ ਨੂੰ ਪੂਰੀ ਦਿਆਨਤਦਾਰੀ ਨਾਲ ਇਸਲਾਮ ਦੀ ਰੱਖਿਆ ਕਰਨੀ ਚਾਹੀਦੀ ਹੈ। ਸੁਲਤਾਨ ਉਦੋਂ ਤੱਕ ਆਪਣਾ ਕਰਤੱਵ ਨਿਭਾਉਣ ਦੇ ਯੋਗ ਨਹੀਂ ਹੋਵੇਗਾ ਜਦੋਂ ਤੱਕ ਉਹ ਅੱਲ੍ਹਾ ਦੀ ਭਲਾਈ ਤੇ ਪੈਗੰਬਰ ਦੇ ਕਲਮੇ ਖਾਤਿਰ, ਕੁਫਰ, ਕਾਫਰਾਂ, ਦੇਵੀ-ਦੇਵਤਿਆਂ ਦੇ ਪੂਜਕਾਂ ਤੇ ਪਰਮਾਤਮਾ ਦੇ ਸ਼ਰੀਕਾਂ ਨੂੰ ਧਰਤੀ ਤੋਂ ਮਿਟਾ ਨਹੀਂ ਦਿੰਦਾ, ਪਰ ਜੇ ਬੁੱਤ ਪ੍ਰਸਤਾਂ, ਕਾਫਰਾਂ ਦਾ ਪੂਰਾ ਖਾਤਮਾ ਸੰਭਵ ਨਾ ਹੋਵੇ ਤਾਂ ਸੁਲਤਾਨ ਨੂੰ ਘੱਟੋ-ਘੱਟ ਹਿੰਦੂਆਂ ਨੂੰ ਬੇਇੱਜ਼ਤ ਤੇ ਅਪਮਾਨਤ ਕਰਕੇ ਲਾਹਨਤਾਂ ਪਾਉਣੀਆਂ ਚਾਹੀਦੀਆਂ ਹਨ ਜਿਹੜੇ ਅੱਲਾ ਤੇ ਉਸ ਦੇ ਪੈਗੰਬਰ ਦੇ ਸਭ ਤੋਂ ਵੱਡੇ ਦੁਸ਼ਮਣ ਹਨ।

ਉਸ ਅਨੁਸਾਰ ਉਹੀ ਹਾਕਮ ਇਕ ਸੱਚਾ ਮੁਸਲਿਮ ਹੈ ਜਿਸ ਦੀਆਂ ਅੱਖਾਂ ਹਿੰਦੂ ਨੂੰ ਵੇਖਦਿਆਂ ਸਾਰ ਹੀ ਲਾਲ ਹੋ ਜਾਂਦੀਆਂ ਹੋਣ। ਉਹ ਬ੍ਰਾਹਮਣਾਂ ਨੂੰ ਪੂਰਨ ਖਾਤਮੇ ਦੀ ਵੀ ਇੱਛਾ ਰੱਖਦਾ ਹੋਵੇ, ਜਿਹੜੇ ਕਾਫਰਾਂ ਦੇ ਪ੍ਰਤੀਨਿਧ ਹਨ ਤੇ ਕੁਫਰ ਨੂੰ ਪ੍ਰਚਾਰਦੇ ਹਨ। ਜੀਆ-ਉ-ਦੀਨ ਬਰਾਨੀ (ਹਿੰਦੋਸਤਾਨੀ ਮੁਸਲਿਮ ਰਾਜਨੀਤਿਕ ਵਿਦਵਾਨ) ਹਨਫੀ ਜਮਾਤ ਦੁਆਰਾ ਹਿੰਦੂਆਂ ਨੂੰ ਦਿੱਤੇ ਜ਼ਮੀਂ ਦੇ ਅਧਿਕਾਰ ਵਿਰੁੱਧ ਫਤਵਾ-ਏ-ਜਹਾਂਦਰੀ ਵਿਚ ਲਿਖਦਾ ਹੈ ਜੇ ਮਹਿਮੂਦ ਇਕ ਵਾਰ ਹੋਰ ਹਿੰਦੋਸਤਾਨ ਜਾਂਦਾ ਤਾਂ ਉਹ ਹਿੰਦ ਦੇ ਸਾਰੇ ਬ੍ਰਾਹਮਣਾਂ ਨੂੰ ਆਪਣੀ ਤਲਵਾਰ ਹੇਠ ਲੈ ਆਉਂਦਾ, ਜਿਹੜੇ ਧਰਤੀ ਉੱਪਰ ਬੁੱਤ ਪ੍ਰਸਤੀ ਤੇ ਬੁੱਤ ਪ੍ਰਸਤਾਂ ਦੀ ਸ਼ਕਤੀ ਦੇ ਕਾਰਣ ਹਨ। ਉਸ ਨੇ ਦੋ ਜਾਂ ਤਿੰਨ ਲੱਖ ਹਿੰਦੂ ਸਰਦਾਰਾਂ ਦੇ ਸਿਰ ਕੱਟ ਦੇਣੇ ਸਨ। ਉਸ ਨੇ ਹਿੰਦੂਆਂ ਨੂੰ ਮਾਰਨ ਵਾਲੀ ਕ੍ਰਿਪਾਨ ਉਸ ਵੇਲੇ ਤੱਕ ਆਪਣੇ ਮਿਆਨ ਵਿਚ ਨਹੀਂ ਸੀ ਪਾਉਣੀ ਜਦੋਂ ਤੱਕ ਸਾਰੇ ਹਿੰਦੂ ਇਸਲਾਮ ਕਬੂਲ ਨਾ ਕਰ ਲੈਂਦੇ। ਮਹਿਮੂਦ, ਸੈਫੀਅਤ ਅਤੇ ਇਮਾਮ ਸਾਫੀ ਦੇ ਅਨੁਸਾਰ ਹਿੰਦੂਆਂ ਲਈ ਇਸਲਾਮ ਜਾਂ ਮੌਤ ਦਾ ਹੁਕਮ ਦਿੰਦਾ ਸੀ। ਹਿੰਦੂਆਂ ਕੋਲੋਂ ਜਜ਼ੀਆ ਲੈਣ ਨੂੰ ਉਹ ਸ਼ਰੀਅਤ ਵਿਰੁੱਧ ਸਮਝਦਾ ਸੀ, ਕਿਉਂਕਿ ਉਨ੍ਹਾਂ ਕੋਲ ਅਹਿਲ-ਏ-ਕਿਤਾਬ ਨਹੀਂ ਸੀ।

ਅਮੀਰ ਖੁਸਰੋ, ਨਿਜਾਮ-ਉ-ਦੀਨ ਔਲੀਆਂ ਦਾ ਅਨੁਯਾਈ, ਜਿਸ ਨੂੰ

ਧਰਮ ਨਿਰਪੱਖ ਹਾਮਕ ਦੇ ਤੌਰ 'ਤੇ ਇਤਿਹਾਸ ਵਿਚ ਯਾਦ ਕੀਤਾ ਜਾਂਦਾ ਹੈ। ਖਜਾਨ-ਉਲ-ਫਤੂ (ਤਾਰੀਖ਼ੇ-ਔਲੀਆ) ਵਿਚ ਲਿਖਦਾ ਹੈ ਕਿ ਸਾਰਾ ਦੇਸ਼ ਇਸਲਾਮ ਦੇ ਪਵਿੱਤਰ ਯੋਧਿਆਂ ਦੀਆਂ ਤਲਵਾਰਾਂ ਨੇ ਇਸ ਤਰ੍ਹਾਂ ਤਬਾਹ ਕਰ ਦਿੱਤਾ ਜਿਵੇਂ ਅੱਗ ਜੰਗਲ ਨੂੰ ਤਬਾਹ ਕਰ ਦਿੰਦੀ ਹੈ। ਜਦੋਂ ਹਿੰਦ ਦੇ ਤਾਕਤਵਰ ਆਦਮੀਆਂ ਨੂੰ ਪੈਰਾਂ ਹੇਠ ਲਤਾੜਿਆ ਗਿਆ ਤਾਂ ਉਹ ਸਾਰੇ ਮੁਸਲਮਾਨਾਂ ਅੱਗੇ ਸਿਰ ਝੁਕਾਉਣ ਲਈ ਤਿਆਰ ਹੋ ਗਏ। ਇਸਲਾਮ ਜਿੱਤ ਗਿਆ ਤੇ ਬੁੱਤ ਪ੍ਰਸਤ ਅਧੀਨ ਕਰ ਲਏ ਗਏ। ਜੇਕਰ ਹਨੀਫ਼ਾ ਨੇ ਜਜ਼ੀਆ ਲਗਾ ਕੇ ਉਨ੍ਹਾਂ ਨੂੰ ਮੌਤ ਤੋਂ ਨਾ ਬਚਾਇਆ ਹੁੰਦਾ ਤਾਂ ਹਿੰਦੂ ਦਾ ਨਾਮ ਹੀ ਇਸ ਧਰਤੀ ਤੋਂ ਮਿਟ ਜਾਣਾ ਸੀ।

ਅਲਤਮਸ ਦੇ ਸਮੇਂ ਦਿਆ ਉਲੇਮਾ (ਸਿਰਮੌਰ ਮੁਸਲਿਮ ਵਿਦਵਾਨਾਂ) ਨੇ ਉਸ ਕੋਲੋਂ ਮੰਗ ਕੀਤੀ ਕਿ ਹਿੰਦੂਆਂ ਨੂੰ ਜ਼ਮੀਂ ਦਾ ਅਧਿਕਾਰ ਨਹੀਂ ਦੇਣਾ ਚਾਹੀਦਾ, ਕਿਉਂਕਿ ਉਹ ਕਾਫਰ ਹਨ। ਇਸ ਲਈ ਉਨ੍ਹਾਂ ਨੂੰ ਇਸਲਾਮ ਜਾਂ ਮੌਤ ਦੋਨਾਂ ਵਿਚੋਂ ਇਕ ਚੀਜ਼ ਕਬੂਲਣ ਲਈ ਕਹਿਣਾ ਚਾਹੀਦਾ ਹੈ। ਇਕ ਵਾਰ ਕਾਜ਼ੀ ਮੁਗੀਸਉਦੀਨ ਨੇ ਅਲਾਉਦੀਨ ਖਿਲਜੀ ਨੂੰ ਹਿੰਦੂਆਂ ਨਾਲ ਵਤੀਰਾ ਕਰਨ ਦੀ ਸਲਾਹ ਦਿੱਤੀ ਕਿ ਉਨ੍ਹਾਂ ਦੀ ਧਨ-ਸੰਪਤੀ ਲੁੱਟ ਲੈਣੀ ਚਾਹੀਦੀ ਹੈ ਤੇ ਉਨ੍ਹਾਂ ਨੂੰ ਗੁਲਾਮਾਂ ਦੀ ਤਰ੍ਹਾਂ ਰੱਖਣਾ ਚਾਹੀਦਾ ਹੈ, ਜੇਕਰ ਉਹ ਅਧੀਨਤਾ ਨਾ ਸਵੀਕਾਰ ਕਰਨ ਤਾਂ ਉਨ੍ਹਾਂ ਨੂੰ ਬੇਇੱਜ਼ਤ ਕਰਨਾ ਚਾਹੀਦਾ ਹੈ। ਫਿਰ ਅਲਾਉਦੀਨ ਖਿਲਜੀ ਨੇ ਕਾਜ਼ੀ ਨੂੰ ਪੁੱਛਿਆ ਕਿ ਇਸਲਾਮਿਕ ਸ਼ਰ੍ਹਾ ਅਨੁਸਾਰ ਹਿੰਦੂਆਂ ਨਾਲ ਕਿਸ ਤਰ੍ਹਾਂ ਦਾ ਸਲੂਕ ਕਰਨਾ ਚਾਹੀਦਾ ਹੈ? ਕਾਜ਼ੀ ਨੇ ਕਿਹਾ ਕਿ "ਹਿੰਦੂ ਧਰਤੀ ਵਾਂਗ ਹਨ, ਜੇਕਰ ਉਨ੍ਹਾਂ ਕੋਲੋਂ ਚਾਂਦੀ ਮੰਗੀ ਜਾਵੇ ਤਾਂ ਉਨ੍ਹਾਂ ਨੂੰ ਬੜੀ ਨਿਮਰਤਾ ਨਾਲ ਸੋਨਾ ਭੇਟ ਕਰਨਾ ਚਾਹੀਦਾ ਹੈ, ਜੇਕਰ ਕੋਈ ਮੁਸਲਮਾਨ ਹਿੰਦੂ ਦੇ ਮੂੰਹ ਵਿਚ ਥੁੱਕਣਾ ਚਾਹੇ ਤਾਂ ਹਿੰਦੂ ਨੂੰ ਝੱਟਪੱਟ ਮੂੰਹ ਖੋਲ੍ਹ ਦੇਣਾ ਚਾਹੀਦਾ ਹੈ। ਰੱਬ ਨੇ ਹਿੰਦੂਆਂ ਨੂੰ ਮੁਸਲਮਾਨਾਂ ਦੇ ਬਰਦੇ ਪੈਦਾ ਕੀਤਾ ਹੈ। ਪੈਗੰਬਰ ਸਾਹਿਬ ਨੇ ਹੁਕਮ ਦਿੱਤਾ ਹੈ ਕਿ ਜੇ ਹਿੰਦੂ ਇਸਲਾਮ ਕਬੂਲ ਨਾ ਕਰਨ ਤਾਂ ਉਨ੍ਹਾਂ ਨੂੰ ਕੈਦ ਕਰੋ, ਤਸੀਹੇ ਦਿਉ ਤੇ ਅੰਤ ਉਨ੍ਹਾਂ ਨੂੰ ਕਤਲ ਕਰ ਦਿਉ।" ਇਹ ਸੁਣ ਕੇ ਬਾਦਸ਼ਾਹ ਮੁਸਕਰਾ ਕੇ ਕਹਿਣ ਲੱਗਾ ਕਿ ਉਸ ਨੇ ਸ਼ਰੀਅਤ ਲਾਗੂ ਕਰਨ ਵਿਚ ਰਤਾ ਵੀ ਦੇਰ ਨਹੀਂ ਲਗਾਈ।

ਇਸ ਪੱਖਪਾਤੀ ਵਤੀਰੇ ਨੇ ਇਸ ਦੇਸ਼ ਦੇ ਧਾਰਮਿਕ, ਸਮਾਜਿਕ ਤੇ ਆਰਥਿਕ ਪ੍ਰਬੰਧ ਵਿਚ ਵੀ ਵੱਡਾ ਬਦਲਾਵ ਲਿਆਂਦਾ। ਜਿਸ ਸਦਕਾ ਹਿੰਦੋਸਤਾਨੀ ਪਰੰਪਰਾ ਦਾ ਬ੍ਰਾਹਮਣਵਾਦੀ ਢਾਂਚਾ ਵੀ ਬਦਲ ਗਿਆ। ਮੱਧਕਾਲ ਵਿਚ ਹਿੰਦੋਸਤਾਨੀ ਪਰੰਪਰਾ ਦਾ ਸਭ ਤੋਂ ਪੁਰਾਤਨ ਮੰਨਿਆ ਜਾਂਦਾ ਬ੍ਰਾਹਮਣੀ/ਵੈਦਿਕ ਧਰਮ, ਹਿੰਦੂ ਧਰਮ ਵਿਚ ਪਰਵਰਤਿਤ ਹੋ ਗਿਆ। ਇਸ ਦੇ ਕਾਰਨ ਬ੍ਰਾਹਮਣੀ ਧਰਮ ਦੁਆਰਾ ਬਣਾਏ ਹੋਏ ਵਿਧਾਨਾਂ ਵਿਚ ਭਾਰੀ ਤਬਦੀਲੀ ਹੋਈ। ਇਸ ਬਦਲਾਵ ਵਿੱਚੋਂ ਸੈਵ ਮੱਤ, ਵੈਸ ਮੱਤ ਤੇ ਸ਼ਕਤੀ ਮੱਤ ਤੇ ਹੋਰ ਬਹੁਤ ਸਾਰੀਆਂ ਸੰਪ੍ਰਦਾਵਾਂ ਦਾ ਉਭਾਰ ਹੋਇਆ। ਅਲਬਰੂਨੀ, ਆਪਣੀ ਪੁਸਤਕ 'ਅਲ-ਹਿੰਦ' ਵਿਚ ਹਿੰਦੂ ਸਮਾਜ ਪ੍ਰਤੀ ਲਿਖਦਾ ਹੈ ਕਿ ਹਿੰਦੂ ਵਰਣ ਆਸ਼ਰਮ ਦੇ ਅਨੁਸਾਰ ਆਪਣਾ ਜੀਵਨ ਬਸਰ ਕਰਦੇ ਹਨ ਪਰੰਤੂ ਮੱਧਕਾਲ ਵਿਚ ਹਿੰਦੂਆਂ ਦੀ ਜੀਵਨ ਸ਼ੈਲੀ ਕਾਫੀ ਬਦਲ ਗਈ। ਕੁਝ ਬ੍ਰਾਹਮਣਾਂ ਨੇ ਗੈਰ ਬ੍ਰਾਹਮਣੀ ਕਿੱਤੇ ਖੇਤੀਬਾੜੀ ਤੇ ਵਪਾਰ ਅਪਣਾ ਲਏ। ਪੰਜਾਬ ਦੇ ਖੱਤਰੀ, ਜਿਹੜੇ ਆਪਣੇ ਆਪ ਨੂੰ ਰਮਾਇਣ ਕਾਲ ਦੇ ਖੱਤਰੀਆਂ ਦੇ ਉਤਰਾਧਿਕਾਰੀ ਸਮਝਦੇ ਸਨ, 15ਵੀਂ ਸਦੀ ਤੇ 16ਵੀਂ ਸਦੀ ਦੌਰਾਨ ਉਨ੍ਹਾਂ ਨੇ ਆਪਣਾ ਸਿਪਾਸਲਾਰਾਂ ਵਾਲਾ ਪੇਸ਼ਾ ਛੱਡ ਕੇ, ਵਪਾਰ, ਦੁਕਾਨਦਾਰੀ, ਖੇਤੀਬਾੜੀ, ਸ਼ਾਹੂਕਾਰਾ ਤੇ ਪ੍ਰਬੰਧਕੀ ਨੌਕਰੀਆਂ ਨੂੰ ਅਪਣਾ ਲਿਆ ਪਰੰਤੂ ਕਿਸੇ ਵੀ ਹਿੰਦੂ ਨੂੰ ਉੱਚਾ ਅਹੁਦਾ ਨਹੀਂ ਦਿੱਤਾ ਜਾਂਦਾ ਸੀ। ਹਿੰਦੂਆਂ ਦੀ ਤਰ੍ਹਾਂ ਮੁਸਲਿਮ ਸਮਾਜ ਵੀ ਤਿੰਨ ਵਰਗਾਂ ਵਿਚ ਵੰਡਿਆ ਹੋਇਆ ਸੀ। ਪਰੰਤੂ ਇਹ ਵੰਡ ਜਾਤ 'ਤੇ ਅਧਾਰਿਤ ਨਾ ਹੋ ਕੇ ਆਰਥਿਕ ਰੁਤਬੇ ਉੱਪਰ ਅਧਾਰਿਤ ਸੀ। ਇਹ ਵੰਡ ਫਿਰ ਅੱਗੇ ਕਿੱਤੇ ਅਤੇ ਪੇਸ਼ੇ ਦੇ ਆਧਾਰ ਉੱਪਰ ਨਿਰਭਰ ਕਰਦੀ ਸੀ। ਧਾਰਮਿਕ ਸ਼੍ਰੇਣੀ ਨਾਲ ਸੰਬੰਧਿਤ (ਉਲੇਮਾ, ਸਈਅਦ, ਸ਼ੇਖ ਆਦਿ) ਉੱਚੇ ਸਮਾਜਿਕ ਰੁਤਬੇ ਦਾ ਆਨੰਦ ਮਾਣਦੇ ਸਨ। ਮੱਧਵਰਗੀ ਮੁਸਲਿਮ ਸ਼੍ਰੇਣੀ ਵਿਚ ਕਿਰਸਾਨ, ਸਿਪਾਹੀ, ਵਪਾਰੀ, ਮਾਲੀਆ ਇਕੱਤਰ ਕਰਨ ਵਾਲੇ ਆ ਜਾਂਦੇ ਸਨ। ਹੇਠਲੇ ਪੱਧਰ 'ਤੇ ਕਾਰੀਗਰ, ਨੌਕਰ ਤੇ ਗੁਲਾਮ ਮੁਸਲਿਮ ਵੰਡ ਦਾ ਭਾਗ ਸਨ। ਪਰੰਤੂ ਇਨ੍ਹਾਂ ਤਿੰਨਾਂ ਵਰਗਾਂ ਵਿਚ ਕੱਟੜਵਾਦ ਸਿਖਰਾਂ ਉੱਪਰ ਸੀ।

ਉਪਰੋਕਤ ਦਿੱਤੇ ਸਮੁੱਚੇ ਹਲਾਤਾਂ ਦਾ ਵਿਵਰਣ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਵਿਚੋਂ ਵੀ ਮਿਲ ਜਾਂਦਾ ਹੈ। ਭਾਵੇਂ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦੈਵੀ ਅਨੁਭਵ ਦੀ ਅਨੁਭੂਤੀ ਹੈ ਪਰ ਇਸ ਵਿਚ ਬਹੁਤ ਸਾਰੀਆਂ ਉਦਾਹਰਣਾਂ ਅਜਿਹੀਆਂ ਵੀ ਮਿਲਦੀਆਂ ਹਨ ਜਿਸ ਵਿਚ ਉਨ੍ਹਾਂ ਦੇ ਸਮੇਂ ਦੀ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਵਿਵਸਥਾ ਦੀ ਤਸਵੀਰ ਖਿੱਚੀ ਹੋਈ ਹੈ। ਗੁਰੂ ਨਾਨਕ ਪਾਤਸ਼ਾਹ ਆਪਣੇ ਸਮੇਂ ਵਿਚ ਫੈਲੀ ਬਹੁਪੱਖੀ ਗਿਰਾਵਟ ਦੇ ਚਸ਼ਮਦੀਦ ਗਵਾਹ ਸਨ। ਗੁਰੂ ਜੀ ਨੇ ਸਮੇਂ ਦੇ ਹੁਕਮਰਾਨਾਂ ਨੂੰ ਕਸਾਈਆਂ, ਕੁਤਿਆਂ, ਨਿਆਂਕਾਰਾਂ ਨੂੰ ਭ੍ਰਿਸ਼ਟਾਚਾਰੀ ਅਤੇ ਹਮਲਾਵਰਾਂ ਨੂੰ ਪਾਪੀ ਕਹਿ ਕੇ ਵੰਗਾਰ ਪਾਈ। ਉਨ੍ਹਾਂ ਸਮੇਂ ਦੇ ਹਾਕਮਾਂ ਦੁਆਰਾ ਕੀਤੀ ਜਾ ਰਹੀ ਲੁਟ-ਖਸੁਟ ਨੂੰ ਵੇਖ ਕੇ ਅੱਖਾਂ ਨਹੀਂ ਮੀਚੀਆਂ ਸਗੋਂ ਹਾਕਮ ਜਮਾਤ ਨੂੰ ਉਨ੍ਹਾਂ ਦੀ ਅਸਲ ਤਸਵੀਰ ਵਿਖਾ ਕੇ ਇਸ ਸਾਰੇ ਨਿਜ਼ਾਮ ਨੂੰ ਬਦਲਣ ਦਾ ਮੁੱਢ ਬੰਨ੍ਹਿਆ।

ਜਿਥੇ ਇਕ ਪਾਸੇ ਗੁਰੂ ਜੀ ਨੇ ਸਮੁੱਚੇ ਭ੍ਰਿਸ਼ਟਾਚਾਰੀ ਨਿਜ਼ਾਮ ਨੂੰ ਉਸ ਦੀ ਅਸਲ ਤਸਵੀਰ ਵਿਖਾਉਣ ਦੀ ਪਹਿਲ ਕਦਮੀ ਕੀਤੀ ਉਥੇ ਨਾਲ ਹੀ ਆਮ ਜਨਤਾ ਨੂੰ ਵੀ ਉਸ ਦੇ ਫਰਜ਼ਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਆਮ ਜਨਤਾ ਵੀ ਸਦ-ਭਾਵਨਾ ਤੇ ਭਾਈਚਾਰਕ ਕਦਰਾਂ-ਕੀਮਤਾਂ ਨੂੰ ਵਿਸਾਰ, ਗ਼ੁਲਾਮੀਅਤ ਦੀ ਭਾਵਨਾ ਕਾਰਨ ਆਪਣੀ ਮਾਂ ਬੋਲੀ ਤੋਂ ਵੀ ਦੂਰ ਜਾ ਚੁੱਕੀ ਹੈ। ਇਸ ਅੰਧਕਾਰਮਈ ਸਮੇਂ ਵਿਚ ਸੱਚ ਰੂਪੀ ਚੰਦਰਮਾ ਕਿਸੇ ਵੀ ਮਨੁੱਖ ਨੂੰ ਦਿਖਾਈ ਨਹੀਂ ਦੇ ਰਿਹਾ। ਗੁਰੂ ਨਾਨਕ ਪਾਤਸ਼ਾਹ ਨੇ ਇਸ ਨਿਗਾਰ ਦਾ ਮੁੱਖ ਕਾਰਨ ਸੰਸਾਰ ਦਾ ਧਰਮ ਤੋਂ ਬੇਮੁਖ ਹੋਣਾ ਦੱਸਿਆ। ਬਾਬਰ ਦੇ ਹਮਲੇ ਦੌਰਾਨ ਉਸ ਨੇ ਸਿਪਾਹੀਆਂ ਦੁਆਰਾ ਮਚਾਈ ਕਤਲੋਗਾਰਤ, ਬਲਾਤਕਾਰੀ ਰਵੱਈਏ ਦੀ ਦਰਦਨਾਕ ਤਸਵੀਰ ਵੀ ਗੁਰੂ ਨਾਨਕ ਪਾਤਸ਼ਾਹ ਨੇ ਆਪਣੀ ਬਾਣੀ ਰਾਹੀਂ ਚਿਤਰੀ। ਇਕ ਪਾਸੇ ਬਾਬਰ ਦੇ ਅਨੈਤਿਕ ਰਵੱਈਏ ਤੇ ਦੂਸਰੇ ਪਾਸੇ ਲੋਧੀਆਂ ਨੂੰ ਉਨ੍ਹਾਂ ਦੀ ਕਮਜ਼ੋਰ ਨਿਜ਼ਾਮਿਕ ਵਿਵਸਥਾ ਕਾਰਣ, ਦੋਵੇਂ ਧਿਰਾਂ ਨੂੰ ਇਸ ਹਮਲੇ ਵਿਚ ਹੋਈ ਬਰਬਾਦੀ ਲਈ ਜ਼ਿੰਮੇਵਾਰ ਠਹਿਰਾਇਆ।

ਸੋ ਉਪਰੋਕਤ ਤੱਥਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਮੁਸਲਿਮ ਹਾਕਮ ਜਨਤਾ ਉੱਪਰ ਕਰ ਰਹੇ ਅੱਤਿਆਚਾਰ ਨੂੰ ਇਸਲਾਮਿਕ ਸ਼ਰੀਅਤ ਦੇ ਦੈਵੀਤਵ ਨਾਲ ਜੋੜ ਕੇ, ਮੁਹੰਮਦ ਸਾਹਿਬ ਦੀ ਰਹਿਮੀਅਤ ਤੇ ਖੁਸ਼ੀ ਦੇ ਪਾਤਰ ਬਣਨ ਦਾ ਢੌਂਗ ਕਰ ਰਹੇ ਸਨ। ਇਹ ਲੁੱਟ-ਖਸੁੱਟ, ਕਤਲੋਗਾਰਤ, ਬੁੱਤ ਸਿਕਸ਼ਤੀ ਤੇ ਮੰਦਰਾਂ ਦੀ ਤਬਾਹੀ, ਉਨ੍ਹਾਂ ਲਈ ਪਾਪ ਕਰਮ ਨਾ ਹੋ ਕੇ, ਬਹਿਸ਼ਤ ਤੱਕ ਪਹੁੰਚਣ ਦਾ ਸਾਧਨ ਸਨ। ਇਸ ਭਿਆਨਕ ਕਾਲ ਵਿਚ ਗੁਰੂ ਨਾਨਕ ਜੋਤ ਦਾ ਪੰਜਾਂ ਦਰਿਆਵਾਂ ਦੀ ਧਰਤੀ 'ਤੇ ਪ੍ਰਗਟ ਹੋਣਾ, ਇਤਿਹਾਸ ਦਾ ਸਭ ਤੋਂ ਉੱਤਮ ਪਲ ਸੀ। ਇਸ ਪਲ ਤੋਂ ਬਾਅਦ ਇਸ ਦੇਸ਼ ਦੇ ਇਤਿਹਾਸ ਅੰਦਰ ਜੋ ਮੋੜ ਆਇਆ, ਉਸ ਦਾ ਆਨੰਦ ਇਸ ਧਰਤੀ ਨਾਲ ਸੰਬੰਧ ਤੇ ਲਗਾਉ ਰੱਖਣ ਵਾਲੇ ਅੱਜ ਤੱਕ ਮਾਣ ਰਹੇ ਹਨ ਤੇ ਪੰਜਾਂ ਦਰਿਆਵਾਂ ਦੀ ਧਰਤੀ ਨੂੰ ਪਿਆਰ ਕਰਨ ਵਾਲੇ ਅਨੰਤ ਕਾਲ ਤੱਕ ਇਸ ਪਲ ਦੇ ਰਿਣੀ ਰਹਿਣਗੇ।

# ਮਿਹਮਾਨੀ ਜੁਗਤਿ

'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।

ਇੰਜੀ. ਪਰਮਿੰਦਰਜੀਤ ਸਿੰਘ, ਸੰਪਾਦਕ

**ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥**

**(ਸਿਰੀ ਰਾਗ ਮ : ੧, ਪੰਨਾ ੨੩)**

ਬੰਦਾ ਫੁੱਲ ਨੂੰ ਤਾਂ ਪ੍ਰਾਹੁਣਾ ਮੰਨਣ ਵਾਸਤੇ ਤਿਆਰ ਹੈ ਪਰ ਧਨ ਨੂੰ ਤੇ ਜੋਬਨ ਨੂੰ ਪ੍ਰਾਹੁਣਾ ਮੰਨਣ ਵਾਸਤੇ ਤਿਆਰ ਨਹੀਂ। ਬੁੱਢਾ ਹੋ ਕੇ ਇਹ ਮੰਨਣ ਲਈ ਤਿਆਰ ਨਹੀਂ ਕਿ ਮੈਂ ਬੁੱਢਾ ਹੋ ਗਿਆ ਹਾਂ ਅਤੇ ਨਿਰਧਨ ਹੋ ਕੇ ਵੀ ਇਹ ਮੰਨਣ ਲਈ ਤਿਆਰ ਨਹੀਂ ਕਿ ਮੈਂ ਜੋਬਨ ਅਤੇ ਧਨ ਪ੍ਰਾਹੁਣਿਆਂ ਨੂੰ ਤੋਰ ਬੈਠਾ ਹਾਂ। ਸਤਿਗੁਰੂ ਕਹਿੰਦੇ ਹਨ ਇਹ ਚਾਰ ਦਿਨਾਂ ਦੇ ਪ੍ਰਾਹੁਣੇ ਹਨ ਇਹ ਚੌਪਤੀ ਦੇ ਪਤਿਆਂ ਵਾਂਗੂੰ ਢਲ ਕੇ ਨਾਸ਼ ਹੋ ਜਾਣ ਵਾਲੇ ਹਨ।

ਬੰਦਾ ਕਦੀ ਠੀਕ ਢੰਗ ਨਾਲ ਮਿਹਮਾਨੀ ਨੂੰ ਸਮਝ ਜਾਏ ਤਾਂ ਇਹ ਨਿਰਮੋਹ ਹੋ ਜਾਏ, ਨਿਰ ਹੰਕਾਰ ਹੋ ਜਾਏ ਤੇ ਇਸ ਦੇ ਹਿਰਦੇ ਵਿਚ ਪ੍ਰਮਾਤਮਾ ਦਾ ਨਾਮ ਵਸਣ ਵਾਸਤੇ ਕੁਝ ਥਾਂ ਖਾਲੀ ਹੋ ਜਾਏ। ਪ੍ਰਾਹੁਣਿਆਂ ਦਾ ਗੁਮਾਨ ਨਹੀਂ ਕਰਨਾ, ਦੇਖਭਾਲ ਕਰਨੀ ਹੈ, ਪਿਆਰ ਕਰਨਾ ਹੈ। ਹੱਸਣਾ ਹਸਾਉਣਾ ਹੈ ਪਰ ਇਹ ਯਾਦ ਰੱਖਣਾ ਹੈ ਕਿ ਇਹ ਆਏ ਹਨ, ਚੰਗੇ ਲੱਗਦੇ ਹਨ ਪਰ ਇਨ੍ਹਾਂ ਅੱਜ ਨਹੀਂ ਤਾਂ ਕੱਲ੍ਹ ਚਲੇ ਜਾਣਾ ਹੈ।



ਧਨ ਬੜਾ ਚੰਗਾ ਲੱਗਦਾ ਹੈ ਪਰ ਹੈ ਪ੍ਰਾਹੁਣਾ। ਇਸ ਦਾ ਕੋਈ ਭਰੋਸਾ ਨਹੀਂ, ਕਦੋਂ ਚਲਾ ਜਾਏ। ਪ੍ਰਾਹੁਣੇ ਦਾ ਕੀ ਭਰੋਸਾ ਹੈ ਕਿਹੜੇ ਵੇਲੇ ਤਿਆਰ ਹੋ ਜਾਏ। ਲੋਕ ਰੋਕਦੇ ਹੀ ਰਹਿੰਦੇ ਹਨ ਕਿ ਮੈਂ ਅੱਜ ਨਹੀਂ ਜਾਣ ਦੇਣਾ ਪਰ ਰੋਕਦਿਆਂ-ਰੋਕਦਿਆਂ ਪ੍ਰਾਹੁਣਾ ਕਹਿੰਦਾ ਹੈ ਨਹੀਂ ਮੈਨੂੰ ਜ਼ਰੂਰੀ ਕੰਮ ਹੈ ਹੁਣ ਮੈਂ ਜਾਣਾ ਹੀ ਜਾਣਾ ਹੈ। ਧਨ ਨੂੰ ਕਈ ਵਾਰ ਜਤਨ ਕਰ ਕਰ ਕੇ ਰੋਕਦੇ ਹਾਂ, ਜਾਨ ਵਾਰਨ ਤੱਕ ਤਿਆਰ ਹੋ ਜਾਂਦੇ ਹਾਂ। ਪ੍ਰਾਹੁਣੇ ਲਈ ਤਾਂ ਇੰਨਾ ਕੋਈ ਨਹੀਂ ਕਰਦਾ ਕਿ ਜੇ ਤੂੰ ਚਲਾ ਗਿਆ ਤਾਂ ਮੈਂ ਮਰ ਜਾਵਾਂਗਾ ਪ੍ਰਾਹੁਣੇ ਤਾਂ ਦਿਹਾੜੀ ਦੋ ਦਿਹਾੜੀ ਹੀ ਚੰਗੇ ਲੱਗਦੇ ਹਨ। ਬੰਦਾ ਉੱਤੋਂ-ਉੱਤੋਂ ਹੀ ਕਹਿੰਦਾ ਹੈ ਰੁਕ ਜਾਉ ਅੰਦਰੋਂ ਤਾਂ ਸੋਚਦਾ ਹੈ ਕਿ ਕਿਹੜੇ ਵੇਲੇ ਇਹ ਜਾਏ ਤੇ ਜਾਨ ਖਲਾਸੀ ਹੋਵੇ। ਇਕ ਪ੍ਰਾਹੁਣੇ ਬਾਰੇ ਮੈਂ ਸੁਣਿਆ ਹੈ ਕਿ ਉਹ ਪੱਕਾ ਹੀ ਡੇਰਾ ਲਾ ਕੇ ਬੈਠ ਗਿਆ। ਘਰ ਵਾਲੇ ਬੜੇ ਹੀ ਦੁਖੀ ਸਨ। ਉਨ੍ਹਾਂ ਇਕ ਢੰਗ ਬਣਾਇਆ ਇਕ ਜਾਹਲੀ ਟੈਲੀਗਰਾਮ ਪੁਆ ਦਿੱਤੀ ਜੋ ਉਸ ਦੇ ਨਾਂ ਤੇ ਸੀ ਕਿ ਤੇਰੀ ਮਾਂ ਮਰ ਗਈ ਹੈ। ਸੋਚਿਆ ਸੀ ਟੈਲੀਗਰਾਮ ਪੜ੍ਹਦੇ ਦੌੜ ਪਵੇਗਾ ਪਰ ਉਹ ਢੀਠ ਸੀ ਕਹਿਣ ਲੱਗਾ, "ਮਾਂ ਮਰ ਗਈ ਹੈ ਬਸ ਆਖਰੀ ਮਜਬੂਰੀ ਵੀ ਮੁੱਕ ਗਈ ਹੈ।"

ਮਾਂ ਤੂੰ ਮਰ ਗਈ ਏ, ਤੇ ਮੈਨੂੰ ਏਸੇ ਘਰ ਜੋਗਾ ਕਰ ਗਈ ਏ।

ਮੈਂ ਅਜਿਹੇ ਬੰਦੇ ਵੇਖੇ ਹਨ ਜੋ ਮਹਿਮਾਨਾਂ ਤੋਂ ਦੁਖੀ ਹੋਏ ਘਰ ਹੀ ਬਦਲਣ ਵਾਸਤੇ ਤਿਆਰ ਹੋ ਜਾਂਦੇ ਹਨ ਪਰ ਧਨ ਅਜਿਹਾ ਪ੍ਰਾਹੁਣਾ ਹੈ ਇਹ ਜਾਣ ਲਈ ਤਿਆਰ ਹੋ ਜਾਂਦਾ ਹੈ ਪਰ ਬੰਦਾ ਇਸ ਨੂੰ ਤੋਰਨ ਲਈ ਤਿਆਰ ਨਹੀਂ ਹੁੰਦਾ। ਸੱਚ ਹੈ ਕਿ ਇਸ ਪ੍ਰਾਹੁਣੇ ਨੂੰ ਰੋਕਣ ਵਾਸਤੇ ਕਈ ਸੱਜਣ ਆਪਣੀ ਜਾਨ ਵੀ ਦੇ ਦਿੰਦੇ ਹਨ ਪਰ ਇਹ ਪ੍ਰਾਹੁਣਾ ਉਨ੍ਹਾਂ ਦੀ ਲਾਸ਼ ਦੇ ਉੱਪਰੋਂ ਵੀ ਪੈਰ ਰੱਖ ਕੇ ਚਲਾ ਹੀ ਜਾਂਦਾ ਹੈ।

ਇਸ ਤੋਂ ਅੱਗੇ ਇਕ ਹੋਰ ਪ੍ਰਾਹੁਣਾ ਹੈ ਜੋਬਨ ਜੁਆਨੀ। ਇਸ ਪ੍ਰਾਹੁਣੇ ਵਿਚ ਤਾਂ ਬੰਦਾ ਇੰਨਾ ਪਰਚ ਜਾਂਦਾ ਹੈ ਕਿ ਇਸ ਨੂੰ ਆਪਣਾ ਸਭ ਕੁਝ ਹੀ ਭੁੱਲ ਜਾਂਦਾ ਹੈ। ਪਰ ਆਖਰ ਇਸ ਨੇ ਵੀ ਚਲੇ ਹੀ ਜਾਣਾ ਹੈ। ਢਲਦੇ ਪ੍ਰਛਾਵੇਂ ਵਾਂਗ ਇਹ ਜਵਾਨੀ ਵੀ ਢਲ ਜਾਂਦੀ ਹੈ। ਬੰਦਾ ਹੈਰਾਨ ਹੋ ਜਾਂਦਾ ਹੈ ਏਡੀ ਛੇਤੀ ਬੁਢਾਪਾ ਆ ਗਿਆ ਹੈ। ਜੁਆਨੀ ਕਿੱਥੇ ਚਲੀ ਗਈ ਹੈ। ਕੁਝ ਮਹਿਮਾਨ ਤਾਂ ਅਜਿਹੇ ਹਨ ਜਿਹੜੇ ਜਾਂਦਿਆਂ ਮਿਲ ਕੇ ਜਾਂਦੇ ਹਨ। ਪਰ ਕੁਝ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਕੁਝ ਚੋਰੀ ਕਰਕੇ ਜਾਣਾ ਹੁੰਦਾ ਹੈ ਉਨ੍ਹਾਂ ਦਾ ਪਤਾ ਹੀ ਨਹੀਂ ਲੱਗਦਾ ਕਿ ਕਿਹੜੇ ਵੇਲੇ ਚਲੇ ਗਏ ਹਨ। ਇਹ ਧਨ ਤੇ ਜੁਆਨੀ ਅਜਿਹੇ ਹੀ ਮਹਿਮਾਨ ਹਨ ਇਨ੍ਹਾਂ ਚੋਰਾਂ ਦਾ ਜਾਂਦਿਆਂ ਵੀ ਪਤਾ ਨਹੀਂ ਲੱਗਦਾ। ਬੰਦਾ ਹੱਥ ਹੀ ਮਲਦਾ ਰਹਿ ਜਾਂਦਾ ਹੈ ਕਿ ਇਹ ਚੋਰ ਸਾਰੀਆਂ ਹੀ ਖੁਸ਼ੀਆਂ ਲੈ ਗਏ ਹਨ ਤੇ ਪਤਾ ਨਹੀਂ ਕਿਹੜੇ ਵੇਲੇ ਚਲੇ ਗਏ ਹਨ। ਇਕ ਵਿਦਵਾਨ ਸ਼ਾਇਰ ਲਿਖਦੇ ਹਨ :

**ਝੱਪਕੀ ਜ਼ਰਾ ਆਂਖ ਜਵਾਨੀ ਗੁਜਰ ਗਈ।**
**ਬਦਲੀ ਕੀ ਛਾਂਉ ਥੀ ਇਧਰ ਆਈ ਉਧਰ ਗਈ।**
**ਰਹਤੀ ਨਹੀ ਬਹਾਰੇ ਜੁਆਨੀ ਤਮਾਮ ਉਮਰ,**
**ਮਾਨਿੰਦੇ ਬੂਏ ਗੁੱਲ ਇਧਰ ਆਈ ਉਧਰ ਗਈ।**

ਇਹ ਕਹਾਵਤ ਸੱਚ ਹੀ ਹੈ ਕਿ ਕੁੱਬੇ ਬੁੱਢੇ ਨੂੰ ਕਿਸੇ ਸ਼ਰਾਰਤੀ ਜੁਆਨ ਨੇ ਪੁੱਛਿਆ ਸੀ, "ਬਾਬਾ ਕੀ ਗੁਆਚ ਗਿਆ ਹੈ ਕੀ ਲੱਭਦਾ ਫਿਰਦਾ ਹੈ।" ਬਜ਼ੁਰਗ ਨੇ ਬੜੇ ਤਹਮੱਲ ਨਾਲ ਕਿਹਾ ਸੀ ਬੇਟਾ ਜੁਆਨੀ ਗੁਆਚ ਗਈ ਹੈ, ਲੱਭ ਰਿਹਾ ਹਾਂ। ਤੂੰ ਧਿਆਨ ਰੱਖੀਂ ਵੇਖੀਂ ਕਿਤੇ ਤੇਰੀ ਵੀ ਨਾ ਗੁਆਚ ਜਾਏ। ਫੁੱਲ ਖਿੜਿਆ ਬੜਾ ਸੁੰਦਰ ਲੱਗਦਾ ਹੈ। ਬੰਦਾ ਬਗੀਚੀ ਵਿਚ ਕਿੰਨਾ ਮਸਤ ਹੋ

ਜਾਂਦਾ ਹੈ ਪਰ ਇਹ ਭੁੱਲ ਹੀ ਜਾਂਦਾ ਹੈ ਕਿ ਫੁੱਲ ਕੀ ਸੰਦੇਸ਼ਾ ਦਿੰਦੇ ਹਨ। ਧਾਰਮਿਕ ਅਸਥਾਨਾਂ ਤੇ ਫੁੱਲ ਲੈ ਕੇ ਜਾਣ ਦਾ ਇਕ ਕਾਰਨ ਸੀ ਫੁੱਲ ਪ੍ਰਤੀਕ ਸੀ ਕਿ ਬੰਦੇ ! ਖਿੜ ਮੇਰੇ ਵਾਂਗੂੰ ਪਰ ਯਾਦ ਰੱਖ ਕਿ ਤੂੰ ਵੀ ਮੇਰੇ ਵਾਂਗੂੰ ਪ੍ਰਾਹੁਣਾ ਹੈ। ਇਕ ਨੌਜਵਾਨ ਰਾਜਾ ਰੋਜ਼ਾਨਾ ਫੁੱਲਾਂ ਦੀ ਸੇਜਾ ਤੇ ਸੌਂਦਾ ਸੀ। ਇਕ ਸੁੰਦਰ ਗੋਲੀ ਰੋਜ਼ਾਨਾ ਫੁੱਲਾਂ ਦੀਆਂ ਸਿਹਜਾ ਤਿਆਰ ਕਰਦੀ ਸੀ। ਇਕ ਦਿਨ ਖਿਆਲ ਆਇਆ ਕਿ ਪਲ ਭਰ ਮੈਂ ਵੀ ਸਿਹਜਾ 'ਤੇ ਪੈ ਕੇ ਵੇਖਾਂ ਕੀ ਆਨੰਦ ਹੈ। ਭਾਗਾਂ ਦੀ ਗੱਲ ਹੈ ਕਿ ਜਦੋਂ ਉਹ ਲੇਟੀ ਉਸੇ ਵੇਲੇ ਹੀ ਰਾਜਾ ਆ ਗਿਆ ਉਸ ਨੇ ਵੇਖ ਲਿਆ। ਉਸ ਨੇ ਚਾਬਕ ਫੜੀ ਤੇ ਇਸ ਗੁਸਤਾਖ ਗੋਲੀ ਨੂੰ ਮਾਰਨਾ ਆਰੰਭ ਕਰ ਦਿੱਤਾ। ਰਾਜੇ ਨੂੰ ਹੈਰਾਨੀ ਹੋਈ ਕਿ ਉਹ ਮਾਰ ਖਾ ਕੇ ਰੋ ਵੀ ਰਹੀ ਹੈ ਤੇ ਕਦੀ-ਕਦੀ ਹੱਸ ਵੀ ਪੈਂਦੀ ਹੈ।

ਰਾਜੇ ਨੇ ਮਾਰਨਾ ਬੰਦ ਕਰ ਦਿੱਤਾ ਤੇ ਪੁੱਛਿਆ ਕਿ ਬਾਂਦੀ ਤੇਰਾ ਰੋਣਾ ਤਾਂ ਮੇਰੀ ਸਮਝ ਵਿਚ ਆਉਂਦਾ ਹੈ ਕਿ ਜਿਸ ਨੂੰ ਮਾਰ ਪਏਗੀ ਸੁਭਾਵਕ ਹੀ ਉਹ ਰੋਏਗਾ। ਪਰ ਤੇਰਾ ਹੱਸਣਾ ਮੇਰੀ ਸਮਝ ਵਿਚ ਨਹੀਂ ਆਇਆ ਕਿ ਮਾਰ ਖਾ ਕੇ ਕੋਈ ਹੱਸੇ ਵੀ। ਗੋਲੀ ਨੇ ਕਿਹਾ, "ਮਾਲਕ ਬਿਲਕੁਲ ਠੀਕ ਹੈ ਜੇ ਜਾਨ ਬਖਸ਼ੀ ਹੋਵੇ ਤਾਂ ਮੈਂ ਸੱਚ ਕਹਿ ਦਿਆਂ।" ਰਾਜੇ ਨੇ ਕਿਹਾ ਹਾਂ ਮੈਂ ਤੇਰਾ ਅਪਰਾਧ ਖਿਮਾ ਕੀਤਾ ਤੂੰ ਜੋ ਤੇਰੇ ਦਿਲ ਵਿਚ ਹੈ ਉਹ ਕਹਿ ਦੇ। ਗੋਲੀ ਨੇ ਕਿਹਾ ਮੈਂ ਰੋਈ ਇਸ ਲਈ ਹਾਂ ਕਿ ਸਰੀਰ ਨੂੰ ਚਾਬਕ ਵੱਜ ਕੇ ਪੀੜਾ ਹੋਈ ਹੈ। ਤੇ ਮੈਂ ਹੱਸ ਇਸ ਲਈ ਰਹੀ ਹਾਂ ਕਿ ਮੈਂ ਸਿਰਫ਼ ਇਕ ਪਲ ਫੁੱਲਾਂ ਦੀ ਸੇਜ ਤੇ ਲੇਟੀ ਹਾਂ ਤੇ ਮੇਰਾ ਇਹ ਹਾਲ ਹੋਇਆ ਹੈ ਜਿਹੜੇ ਰੋਜ਼ ਫੁੱਲਾਂ ਦੀ ਸੇਜ ਤੇ ਸੌਂਦੇ ਹਨ ਉਨ੍ਹਾਂ ਦਾ ਕੀ ਹਾਲ ਹੋਵੇਗਾ। ਰਾਜੇ ਨੇ ਗੱਲ ਸੁਣੀ ਤੇ ਮਨ ਵੈਰਾਗ ਨਾਲ ਭਰ ਗਿਆ। ਗੋਲੀ ਦੇ ਪੈਰਾਂ ਤੇ ਸਿਰ ਰੱਖ ਦਿੱਤਾ ਤੇ ਕਿਹਾ, ਤੂੰ ਨਹੀਂ ਬੋਲੀ ਅੱਜ ਤੇਰੇ ਅੰਦਰੋਂ ਰੱਬ ਬੋਲਿਆ ਹੈ। ਤੂੰ ਮੈਨੂੰ ਸੁੱਤੇ ਨੂੰ ਜਗਾ ਦਿੱਤਾ ਹੈ। ਮੈਂ ਪ੍ਰਾਹੁਣਿਆਂ ਵਿਚ ਹੀ ਏਨਾ ਪਰਚ ਗਿਆ ਸਾਂ ਕਿ ਆਪਣੇ ਘਰ ਨੂੰ ਹੀ ਭੁੱਲ ਗਿਆ ਜਾਂ ਤੂੰ ਮੈਨੂੰ ਯਾਦ ਕਰਾ ਦਿੱਤਾ ਹੈ ਕਿ ਮੇਰੇ ਜੀਵਨ ਦਾ ਅਸਲ ਮੰਤਵ ਕੀ ਹੈ? ਧਨ ਪ੍ਰਾਹੁਣਾ ਹੈ, ਜੁਆਨੀ, ਜੋਬਨ ਵੀ ਪ੍ਰਾਹੁਣਾ ਹੈ ਅਤੇ ਫੁੱਲ ਵੀ ਪ੍ਰਾਹੁਣਾ ਹੈ। ਫਿਰ ਨਿਜ ਘਰ ਕਿਹੜਾ ਹੈ ਜਿਥੇ ਕੋਈ ਤਬਦੀਲੀ ਨਹੀਂ ਜੋ ਇਕ ਰਸ ਹੈ ਉਹ ਹੈ ਪ੍ਰਮਾਤਮਾ। ਜਿਸ ਬਾਰੇ ਭਾਈ ਗੁਰਦਾਸ ਜੀ ਇਕ ਕਬਿਤ ਲਿਖਦੇ ਹਨ-

**ਤਰਵਰ ਗਿਰੇ ਪਾਤ ਬਹੁਰਿਯੋ ਨਾ ਜੋਰੇ ਜਾਤ,**
**ਐਸੇ ਤਾਤਮਾਤ ਸੁਭ ਭ੍ਰਾਤ ਮੋਹ ਮਾਯਾ ਕੋ।**
**ਜੈਸੇ ਬੁਦਬੁਦਾ ਓਰਾ ਪੇਖਤ ਬਿਲਾਇ ਜਾਤ,**
**ਐਸੇ ਜਾਨ ਤਿਆਗੋ ਭਰੋਸੇ ਭ੍ਰਮ ਕਾਯਾ ਕੋ।**
**ਤ੍ਰਿਣ ਕੀ ਅਮਨ ਜਰ ਬੁਝਤ ਨਾ ਬਾਹੇ ਲਾਗੇ,**
**ਐਸੇ ਆਸਾ ਔਧ ਜੈਸੇ ਨੇਹ ਦ੍ਰਮ ਛਾਯਾ ਕੇ।**
**ਜਨਮ ਜੀਵਨ ਅੰਤਕਾਲ ਕੋ ਸੰਗਾਤੀ ਰਾਚਹੁ,**
**ਸਫਲ ਅਉਸਰ ਜਗ ਤਬ ਹੀ ਤੌ ਆਯਾ ਕੋ।**

ਸਤਿਗੁਰੂ ਅਰਜਨ ਦੇ ਜੀ ਫੁਰਮਾਉਂਦੇ ਹਨ —

**ਬਿਨੁ ਹਰਿ ਕਾਮਿ ਨ ਆਵਤ ਹੇ।**
**ਜਾ ਸਿਉ ਰਾਚਿ ਮਾਚਿ ਤੁਮ੍ਹ ਲਾਗੇ ਓਹ ਮੋਹਨੀ ਮੋਹਾਵਤ ਹੇ।**
**(ਬਿਲਾਵਲ ਮ : ੫, ਪੰਨਾ ੮੨੧)**

**ਤਨੁ ਧਨੁ ਜੋਬਨੁ ਚਲਤ ਗਇਆ॥**
**ਰਾਮ ਨਾਮ ਕਾ ਭਜਨੁ ਨ ਕੀਨੋ ਕਰਤ ਬਿਕਾਰ ਨਿਸਿ ਭੋਰ ਭਇਆ।**
**(ਬਿਲਾਵਲ ਮ : ੫, ਪੰਨਾ ੮੨੬)**

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਕਿ ਮੈਂ ਉਸ ਸਿੱਖ ਤੋਂ ਸਦਕੇ ਹਾਂ ਜਿਸ ਨੂੰ ਪ੍ਰਾਹੁਣਿਆਂ ਦੇ ਜਾਣ ਵਾਲੀ ਜੁਗਤੀ ਆ ਜਾਂਦੀ ਹੈ। ਐਸਾ ਬੰਦਾ ਲੋਕ ਪ੍ਰਲੋਕ ਵਿਚ ਪ੍ਰਵਾਨ ਹੁੰਦਾ ਹੈ।

**ਹਉ ਤਿਸ ਵਿਟਹੁ ਵਾਰਿਆ ਚਲਣੁ ਜਣਿ ਜੁਗਤਿ ਮਿਹਮਾਣਾ।**
**ਦੀਨ ਦੁਨੀ ਦਰਗਹ ਪਰਵਾਣਾ। (ਵਾਰ ੧੨, ਪਉੜੀ ੩)**


ਪਰ ਇਹ ਜੁਗਤੀ ਆਉਂਦੀ ਤਾਂ ਹੀ ਹੈ ਜੇ ਬਹੀਐ ਪੜਿਆ ਪਾਸਿ।



**ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਕੰਪਲੈਕਸ ਜਲੰਧਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 549ਵੇਂ ਪ੍ਰਕਾਸ਼ ਆਗਮਨ ਗੁਰਪੁਰਬ 'ਤੇ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਹਾਜ਼ਰ ਸਾਬਕਾ ਪ੍ਰਧਾਨ ਸ. ਪ੍ਰੀਤਮ ਸਿੰਘ ਨਾਰੰਗਪੁਰ, ਸਾਬਕਾ ਪ੍ਰਧਾਨ ਇੰਜ. ਹਰਭਜਨ ਸਿੰਘ ਅਤੇ ਕਮੇਟੀ ਮੈਂਬਰ ਐ.ਡੀ.ਓ. ਸ. ਬਲਕਾਰ ਸਿੰਘ ਨੂੰ ਸਨਮਾਨਤ ਕਰਦੇ ਹੋਏ**

# ਗੁਰਦੁਆਰਾ ਜਨਮ ਅਸਥਾਨ (ਨਨਕਾਣਾ ਸਾਹਿਬ)

**ਰੂਪ ਸਿੰਘ, ਸਕੱਤਰ ਐਸ.ਜੀ.ਪੀ.ਸੀ. ਅੰਮ੍ਰਿਤਸਰ**





ਨਨਕਾਣਾ ਸਾਹਿਬ ਉਹ ਪਵਿੱਤਰ ਅਸਥਾਨ ਹੈ, ਜਿੱਥੇ ਸਿੱਖ ਧਰਮ ਦੇ ਸਵਾਮੀ, ਅਗਿਆਨ-ਅੰਧੇਰੇ ਦੇ ਵਿਨਾਸ਼ਕ, ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਮਹਿਤਾ ਕਾਲੂ ਜੀ ਦੇ ਘਰ, ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਵੈਸਾਖ ਸੁਦੀ ਤਿੰਨ, ਸੰਮਤ 1526 (15 ਅਪ੍ਰੈਲ, 1469 ਈ.) ਨੂੰ ਅੰਮ੍ਰਿਤ ਵੇਲੇ ਹੋਇਆ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ :

**ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।**

ਅਤੇ ਪੁਰਾਤਨ ਜਨਮ ਸਾਖੀਆਂ ਅਨੁਸਾਰ ਦਰੱਖ਼ਤਾਂ ਵਿਚੋਂ ਰਸ ਚੋਣ ਲੱਗਾ। ਕਈ ਦਲਿਦ੍ਰੀ ਧਨਵੰਤ ਹੋਏ। ਰੋਗੀ ਅਰੋਗ ਹੋਏ। ਪ੍ਰਿਥਵੀ ਨੇ ਆਪਣੇ ਆਪ ਨੂੰ ਹੌਲਾ-ਹੌਲਾ ਮਹਿਸੂਸ ਕੀਤਾ। ਦੌਲਤਾਂ ਦਾਈ ਨੂੰ ਜਦ ਮਹਿਤਾ ਕਾਲੂ ਜੀ ਰੁਪਇਆਂ ਦਾ ਭਰਿਆ ਥਾਲ ਦੇਣ ਲੱਗੇ ਤਾਂ ਉਸ ਕਿਹਾ, 'ਰਹਿਣ ਦਿਓ, ਮੈਂ ਤਾਂ ਰੱਜ ਗਈ।' ਗੁਰੂ ਨਾਨਕ ਬਾਬੇ ਨੇ ਜਗਤ 'ਤੇ ਪ੍ਰਗਟ ਹੁੰਦੇ ਆਪਣਾ ਪੈਗ਼ਾਮ ਦੋ ਸ਼ਬਦ ਬੋਲ : 'ਹਉ ਤੇਰਾ : ਤੇਰਾ ਨਾਉਂ" ਕਹਿ ਕੇ ਦਿੱਤਾ ਤੇ ਭਾਈ ਨੰਦ ਲਾਲ ਜੀ ਦੇ ਕਥਨ ਅਨੁਸਾਰ ਵਾਹਿਗੁਰੂ ਨੇ ਕਿਹਾ ਸੀ : 'ਦੁਨੀਆ ਦਾ ਧਿਆਨ ਉਸ ਵੱਲ ਮੋੜੇ।' ਇਸ ਕਸਬੇ ਦਾ ਪਹਿਲਾ ਨਾਂ

ਰਾਏਪੁਰ ਤੇ ਫਿਰ 'ਰਾਇ ਭੋਇ ਦੀ ਤਲਵੰਡੀ' ਹੋਇਆ। ਗੁਰੂ ਜੀ ਦੇ ਆਗਮਨ ਨਾਲ ਇਸ ਦਾ ਨਾਂ ਉਨ੍ਹਾਂ ਦੇ ਨਾਂ 'ਤੇ ਨਾਨਕਿਆਣਾ-ਨਨਕਾਣਾ ਸਾਹਿਬ ਜਗਤ ਪ੍ਰਸਿੱਧ ਹੋਇਆ।

ਨਨਕਾਣਾ ਸਾਹਿਬ ਲਾਹੌਰ ਸ਼ਹਿਰ ਤੋਂ ਪੱਛਮ ਵਾਲੇ ਪਾਸੇ 48 ਮੀਲ ਦੀ ਦੂਰੀ 'ਤੇ ਹੈ। ਇਸ ਅਸਥਾਨ 'ਤੇ ਗੁਰੂ ਜੀ ਨੇ ਆਪਣੀ ਬਾਲ ਵਰੇਸ ਤੇ ਚੜ੍ਹਦੀ ਜਵਾਨੀ ਦੇ ਕਈ ਸਾਲ ਬਿਤਾਏ। ਜਦ ਪੰਡਤ ਹਰਦਿਆਲ 9 ਸਾਲ ਦੀ ਉਮਰੇ ਜਨੇਊ ਪਾਉਣ ਲਈ ਆਇਆ ਤਾਂ ਆਪ ਜੀ ਨੇ ਕਿਹਾ, 'ਅਸਾਂ ਨਹੀਂ ਪਾਉਣਾ ਇਹ ਵਿਤਕਰੇ ਵਾਲਾ ਜਨੇਊ, ਜੋ ਬ੍ਰਾਹਮਣ ਲਈ ਰੇਸ਼ਮ ਦਾ, ਖੜ੍ਹੀ ਲਈ ਸੂਤ ਦਾ ਤੇ ਵੈਸ਼ ਲਈ ਉੱਨ ਦਾ ਹੈ ਅਤੇ ਸ਼ੂਦਰ ਜਿਸ ਨੂੰ ਪਾ ਨਹੀਂ ਸਕਦਾ। ਫਿਰ ਬ੍ਰਾਹਮਣ ਲਈ ਤੀਹਰਾ, ਖੜ੍ਹੀ ਲਈ ਦੂਹਰਾ ਅਤੇ ਵੈਸ਼ ਲਈ ਇਕਹਿਰਾ।' ਗੁਰੂ ਜੀ ਨੇ ਫ਼ੁਰਮਾਇਆ:

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**

ਇਸ ਅਸਥਾਨ 'ਤੇ ਹੀ ਜਦ ਪਾਠਸ਼ਾਲਾ ਪਾਇਆ ਤਾਂ ਐਸੀ ਪੱਟੀ ਲਿਖੀ ਜਿਸ 'ਤੇ ਵਿਦਿਆ ਪ੍ਰਣਾਲੀ ਦੇ ਮੁੱਢਲੇ ਸਿਧਾਂਤ ਉੱਕਰ ਦਿੱਤੇ। ਮਦਰੱਸੇ ਜਾ ਕੇ 'ਅਲਫ਼' ਪਾ ਕੇ ਤੌਹੀਦ ਦਾ ਪੈਗ਼ਾਮ ਦੇ ਕੇ, ਸੁੱਤਿਆਂ ਨੂੰ ਉਠਾ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ 21 ਮਈ, 1487 ਈ. ਨੂੰ ਬਟਾਲੇ ਦੇ ਰਹਿਣ ਵਾਲੇ ਮੂਲ ਚੰਦ ਖੱਤਰੀ ਦੀ ਲੜਕੀ 'ਬੀਬੀ ਸੁਲਖਣੀ' ਨਾਲ ਹੋਇਆ। ਭਾਈ ਮਰਦਾਨੇ ਨਾਲ ਮਿਲਾਪ ਵੀ ਨਨਕਾਣਾ ਸਾਹਿਬ ਦੀ ਧਰਤ 'ਤੇ ਹੀ ਹੋਇਆ, ਜਿਸ ਨੇ ਐਸਾ ਸਾਥ ਨਿਭਾਇਆ ਕਿ 47 ਸਾਲ ਬਾਣੀ ਗਾਂਵਦਾ ਤੇ ਸੁਣਦਾ ਰਿਹਾ। ਸਿੱਖ ਇਤਿਹਾਸ ਅਨੁਸਾਰ ਬਾਈ ਸਾਲਾਂ ਦੀ ਉਮਰੇ 1491 ਈ. ਵਿਚ ਗੁਰੂ ਨਾਨਕ ਦੇਵ ਜੀ ਕਈ ਦਿਨ ਚੁੱਪ ਹੀ ਰਹੇ। 'ਨ ਅੰਨ ਜੇਵੇ, ਨ ਕਿਸੀ ਸਿਉਂ ਬੋਲੈ'। ਸ਼ਰੀਕੇ ਬਰਾਦਰੀ ਦੀ ਸਲਾਹ ਨਾਲ ਪਿਤਾ ਕਾਲੂ ਜੀ ਵੈਦ ਬੁਲਾ ਲਿਆਏ। ਵੈਦ ਨੇ ਨਬਜ਼ ਦੇਖੀ, ਨਬਜ਼ ਠੀਕ-ਠਾਕ ਸੀ, ਸਰੀਰ ਬਿਲਕੁਲ ਅਰੋਗ ਸੀ। ਵੈਦ ਕਿਹੜਾ ਰੋਗ ਦੱਸੇ? ਕਿਹੜੀ ਦਵਾਈ ਦੇਵੇ? ਵੈਦ ਦੀ ਘਬਰਾਹਟ ਦੂਰ ਕਰਨ ਲਈ ਗੁਰੂ ਜੀ ਨੇ ਸਮਝਾਇਆ ਕਿ ਮੈਨੂੰ ਕੋਈ ਸਰੀਰਕ ਰੋਗ ਨਹੀਂ। ਹਾਂ, ਦਿਲ ਵਿਚ ਇਕ ਐਸਾ ਦਰਦ ਹੈ, ਜਿਸ ਦੀ ਤੈਨੂੰ ਪਛਾਣ ਨਹੀਂ:

**ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥**

ਗੁਰੂ ਨਾਨਕ ਦੇਵ ਜੀ ਆਪਣੀ ਜਨਮ-ਭੂਮੀ ਨਨਕਾਣੇ ਦੀ ਧਰਤ 'ਤੇ ਲਗਭਗ 15 ਸਾਲ ਰਹੇ। ਪਿਛੋਂ ਸੁਲਤਾਨਪੁਰ ਲੋਧੀ ਆ ਗਏ।

ਕਾਫ਼ੀ ਸਮਾਂ ਇਹ ਇਤਿਹਾਸਕ ਅਸਥਾਨ ਆਮ ਹਾਲਤ ਵਿਚ ਹੀ ਰਿਹਾ। ਸੰਮਤ 1670 ਬਿਕ੍ਰਮੀ (1613 ਈ.) ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇਸ ਅਸਥਾਨ ਦੇ ਦਰਸ਼ਨਾਂ ਨੂੰ ਆਏ ਤਾਂ ਆਪ ਜੀ ਨੇ ਬਾਬਾ ਸ੍ਰੀ ਚੰਦ ਜੀ ਦੇ ਚੇਲੇ ਅਲਮਸਤ ਜੀ ਨੂੰ ਇਥੋਂ ਦੀ ਸੇਵਾ ਸੌਂਪੀ। ਬਹੁਤ ਲੰਮਾ ਸਮਾਂ ਇਸ ਪਾਵਨ ਅਸਥਾਨ ਦੀ ਸੇਵਾ-ਸੰਭਾਲ ਉਦਾਸੀ ਸਾਧੂ ਹੀ ਕਰਦੇ ਰਹੇ।

ਸਿੱਖ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਅਸਥਾਨ ਦੀ ਸੇਵਾ ਕਰਾ ਆਲੀਸ਼ਾਨ ਇਮਾਰਤ ਦਾ ਨਿਰਮਾਣ ਕਰਵਾਇਆ। ਬਾਬਾ ਸਾਹਿਬ ਜੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਪ੍ਰੇਰ ਕੇ, ਇਸ ਪਾਵਨ ਅਸਥਾਨ ਦੇ ਨਾਂ 700 ਏਕੜ ਦੀ ਜਾਗੀਰ ਲਵਾਈ। ਸੇਵਾ-ਸੰਭਾਲ ਉਦਾਸੀ ਸਾਧੂ ਹੀ ਕਰਦੇ ਰਹੇ। ਅਤਿ ਬਿਖੜੇ ਸਮੇਂ ਜਦੋਂ ਸਿੰਘਾਂ ਨੂੰ ਆਪਣਾ ਨਿਵਾਸ ਘੋੜਿਆਂ ਦੀਆਂ ਕਾਠੀਆਂ 'ਤੇ ਕਰਨਾ ਪਿਆ ਤਾਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਮਰਯਾਦਾ ਨਿਭਾਉਣ ਦਾ ਕਾਰਜ ਮਹੰਤ, ਨਿਰਮਲੇ ਤੇ ਉਦਾਸੀ ਸਾਧੂ ਹੀ ਕਰਦੇ ਰਹੇ। ਪਰ ਸਮਾਂ ਬੀਤਣ ਨਾਲ 20ਵੀਂ ਸਦੀ ਦੇ ਆਰੰਭ ਵਿਚ ਮਹੰਤ, ਗੁਰੂ ਘਰ ਦੀ ਜਾਇਦਾਦ ਨੂੰ ਆਪਣੀ ਨਿੱਜੀ ਮਲਕੀਅਤ ਸਮਝਣ ਲੱਗੇ। ਉਨ੍ਹਾਂ ਗੁਰਦੁਆਰਿਆਂ ਨੂੰ ਐਸ਼ ਕਰਨ ਦਾ ਵਸੀਲਾ ਬਣਾ ਲਿਆ। ਮਹੰਤਾਂ ਤੋਂ ਗੁਰਦੁਆਰੇ ਪੰਥਕ ਪ੍ਰਬੰਧ ਵਿਚ ਲਿਆਉਣ ਤੇ ਅਜ਼ਾਦ ਕਰਾਉਣ ਲਈ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਚੱਲੀ। ਗੁਰਦੁਆਰਾ ਜਨਮ ਅਸਥਾਨ ਦਾ ਪ੍ਰਬੰਧ, ਪੰਥਕ ਪ੍ਰਬੰਧ ਵਿਚ ਲੈਣ ਲਈ ਇਕ ਸ਼ਾਂਤਮਈ ਜਥਾ ਗੁਰਦੁਆਰਾ ਜਨਮ ਅਸਥਾਨ ਵਿਚ ਦਾਖਲ ਹੋਇਆ। ਮਹੰਤ ਨਰਾਇਣ ਦਾਸ ਦੇ ਪਹਿਲਾਂ ਹੀ ਮੁਲ ਖਰੀਦੇ, ਗੁੰਡਿਆਂ-ਬਦਮਾਸ਼ਾਂ ਨੇ ਸਿੰਘਾਂ ਨੂੰ ਗੋਲੀਆਂ, ਬਰਛਿਆਂ, ਛੁਰੀਆਂ ਤੇ ਹੋਰ ਮਾਰੂ ਹਥਿਆਰਾਂ ਦਾ ਨਿਸ਼ਾਨਾ ਬਣਾਇਆ ਤੇ ਬੜੀ ਬੇ-ਰਹਿਮੀ ਨਾਲ ਕਤਲ ਕਰ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਗੋਲੀਆਂ ਲੱਗੀਆਂ। ਕਈਆਂ ਨੂੰ ਜੰਡ ਨਾਲ ਬੰਨ੍ਹ ਕੇ ਜਿਊਂਦਿਆਂ ਸਾੜਿਆ ਗਿਆ। ਅੱਧ-ਸੜੀਆਂ ਲਾਸ਼ਾਂ ਨੂੰ ਖੂਹ ਵਿਚ ਸੁੱਟ ਦਿੱਤਾ ਗਿਆ।

ਕੌਮ ਵਿਚ ਇਤਨਾ ਜੋਸ਼ ਵਧਿਆ ਕਿ ਉਨ੍ਹਾਂ ਵੱਲੋਂ ਇਸ ਅਸਥਾਨ ਦਾ ਪ੍ਰਬੰਧ ਖਾਲਸਾ ਜੀ ਨੂੰ ਸੌਂਪਿਆ ਗਿਆ। ਇਸ ਗੁਰਦੁਆਰੇ ਦੀ ਵਿਸ਼ਾਲ ਆਲੀਸ਼ਾਨ ਇਮਾਰਤ, ਦਰਸ਼ਨੀ ਡਿਉਢੀ ਤੇ ਖੁੱਲ੍ਹੇ ਆਲੇ-ਦੁਆਲੇ ਤੇ ਪਾਰਕਾਂ ਦਾ ਪ੍ਰਭਾਵ ਹਰੇਕ ਗੁਰਸਿੱਖ ਦੇ ਮਨ ਨੂੰ ਮੋਹ ਲੈਣ ਵਾਲਾ ਹੈ। ਗੁਰਦੁਆਰੇ ਦੇ ਨਾਲ ਵਿਸ਼ਾਲ ਪਾਵਨ ਸਰੋਵਰ ਤੇ ਯਾਤਰੂਆਂ ਦੀ ਰਿਹਾਇਸ਼ ਲਈ ਬਹੁਤ ਵੱਡੀ ਸਰਾਂ ਹੈ। ਗੁਰਦੁਆਰਾ ਸਾਹਿਬ ਵਿਚ ਸਥਿਤ, ਜੰਡ ਦਾ ਦਰੱਖ਼ਤ ਤੇ ਸ਼ਹੀਦੀ ਖੂਹ ਅੱਜ ਵੀ ਨਰਾਇਣ ਦਾਸ ਵੱਲੋਂ ਢਾਹੇ ਜ਼ੁਲਮਾਂ ਦੀ ਦਾਸਤਾਨ ਪ੍ਰਸਤੁਤ ਕਰ ਰਹੇ ਹਨ। ਕਰਤਾ 'ਮਹਾਨ ਕੋਸ਼', ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਇਸ ਗੁਰਦੁਆਰੇ ਦੇ ਨਾਂ ਅਠਾਰਾਂ ਹਜ਼ਾਰ ਏਕੜ ਜ਼ਮੀਨ ਤੇ ਨੌਂ ਹਜ਼ਾਰ ਅੱਠ ਸੌ ਬਾਨਵੇਂ ਰੁਪਏ ਨਗਦ ਜਗੀਰ ਸੀ।

ਜਿਥੇ ਦੇਸ਼ ਦੀ ਵੰਡ ਨਾਲ ਸਿੱਖਾਂ ਦਾ ਬਹੁਤ ਸਾਰਾ ਜਾਨੀ ਤੇ ਮਾਲੀ ਨੁਕਸਾਨ ਹੋਇਆ, ਉਥੇ ਪ੍ਰਾਣਾਂ ਨਾਲੋਂ ਪਿਆਰੇ ਗੁਰ-ਅਸਥਾਨਾਂ ਤੋਂ ਵੀ ਸਿੱਖ ਕੌਮ ਨੂੰ ਅਲੱਗ ਹੋਣਾ ਪਿਆ। ਦੇਸ਼ ਵੰਡ ਪਿਛੋਂ ਗੁਰਦੁਆਰਾ ਨਨਕਾਣਾ ਸਾਹਿਬ, ਰੋਜ਼ਾਨਾ ਸਿੱਖ ਅਰਦਾਸ ਦਾ ਹਿੱਸਾ ਬਣ ਗਿਆ। ਦੇਸ਼ ਦੀ ਵੰਡ ਤੋਂ ਪਿਛੋਂ ਪਾਕਿਸਤਾਨ ਵਿਚਲੇ ਸਿੱਖ ਧਾਰਮਿਕ ਅਸਥਾਨਾਂ ਦਾ ਪ੍ਰਬੰਧ, ਇਕ ਵਕਫ਼ ਬੋਰਡ ਕਰਦਾ ਹੈ। ਹੁਣ ਹਰ ਸਾਲ ਚਾਰ ਮੌਕਿਆਂ 'ਤੇ ਗੁਰਦੁਆਰਾ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਲਈ ਸਿੱਖ ਯਾਤਰੂ ਜਥੇ ਦੇ ਰੂਪ ਵਿਚ ਜਾਂਦੇ ਹਨ।

ਨਨਕਾਣਾ ਸਾਹਿਬ ਵਿਚ ਇਸ ਵੇਲੇ 25-30 ਪਰਿਵਾਰ ਸਿੱਖਾਂ ਦੇ ਰਹਿ ਰਹੇ ਹਨ। ਇਸ ਕਰਕੇ ਗੁਰਦੁਆਰਾ ਜਨਮ ਅਸਥਾਨ 'ਤੇ ਰੋਜ਼ਾਨਾ ਪ੍ਰਕਾਸ਼ ਤੇ ਪਾਠ ਹੁੰਦਾ ਹੈ। ਭਾਈ ਪ੍ਰਤਾਪ ਸਿੰਘ ਜੀ ਗ੍ਰੰਥੀ ਸਿੰਘ ਦੀ ਸੇਵਾ ਨਿਭਾ ਰਹੇ ਹਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ 'ਤੇ ਭਾਰਤ ਵਿਚੋਂ ਤਿੰਨ ਹਜ਼ਾਰ ਸਿੱਖ ਯਾਤਰੂਆਂ ਦਾ ਜਥਾ ਗੁਰਦੁਆਰਾ ਜਨਮ ਅਸਥਾਨ 'ਤੇ ਵਿਸ਼ੇਸ਼ ਤੌਰ 'ਤੇ ਜਾਂਦਾ ਹੈ। ਹੋਰ ਵੀ ਬਹੁਤ ਸਾਰੇ ਦੇਸ਼ਾਂ ਤੋਂ ਸ਼ਰਧਾਲੂ ਸ਼ਰਧਾ ਦੇ ਫੁੱਲ ਭੇਟ ਕਰਨ ਨਨਕਾਣਾ ਸਾਹਿਬ ਪਹੁੰਚਦੇ ਹਨ।

# ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ

## ਮੁੱਢਲਾ ਜੀਵਨ

ਸ. ਕ੍ਰਿਪਾਲ ਸਿੰਘ (ਰਿਸਰਚ ਸਕਾਲਰ)

ਮਹਾਰਾਜਾ ਰਣਜੀਤ ਸਿੰਘ ਦਾ ਜਨਮ 2 ਮੱਘਰ, ਸੋਮਵਾਰ ਬਿਕ੍ਰਮੀ ਸੰਮਤ 1837 (13 ਨਵੰਬਰ 1780) ਨੂੰ ਗੁਜਰਾਂਵਾਲਾ ਵਿਖੇ ਹੋਇਆ। ਜਨਮ ਸਮੇਂ ਉਸ ਦਾ ਨਾਂ ਬੁੱਧ ਸਿੰਘ ਰੱਖਿਆ ਗਿਆ। ਉਹ ਸ਼ੁਕਰਚੱਕੀਆ ਮਿਸਲ ਦੇ ਬਾਨੀ ਸਰਦਾਰ ਚੜ੍ਹਤ ਸਿੰਘ ਦਾ ਪੋਤਰਾ ਅਤੇ ਸਰਦਾਰ ਮਹਾਂ ਸਿੰਘ ਦਾ ਹੋਣਹਾਰ ਪੁੱਤਰ ਸੀ। ਉਸ ਦੀ ਮਾਤਾ ਦਾ ਨਾਂ ਸਰਦਾਰਨੀ ਰਾਜ ਕੌਰ ਸੀ ਜੋ ਜੀਂਦ ਦੇ ਸਰਦਾਰ ਗਜਪਤ ਸਿੰਘ ਦੀ ਪੁੱਤਰੀ ਸੀ ਅਤੇ ਮਾਲਵੇ ਦੇ ਇਲਾਕੇ ਦੀ ਹੋਣ ਕਰਕੇ ਉਸ ਨੂੰ 'ਮਾਈ ਮਲਵੈਣ' ਕਿਹਾ ਜਾਂਦਾ ਸੀ। ਜਦੋਂ ਸਰਦਾਰ ਮਹਾਂ ਸਿੰਘ ਨੂੰ ਉਸ ਦੇ ਘਰ ਪੁੱਤਰ ਹੋਣ ਦੀ ਖ਼ਬਰ ਮਿਲੀ ਉਦੋਂ ਉਹ ਇਕ ਜੰਗੀ ਮੁਹਿੰਮ ਦੌਰਾਨ ਸੈਦ ਨਗਰ ਦੀ ਮੋਰਚਾਬੰਦੀ ਕਰ ਰਿਹਾ ਸੀ ਅਤੇ ਉਸ ਉਤੇ ਫ਼ਤਹਿ ਪਾ ਕੇ ਜਦੋਂ ਗੁਜਰਾਂਵਾਲੇ ਵਾਪਸ ਆਇਆ ਤਾਂ ਉਸ ਨੇ ਖੁਸ਼ੀ ਵਿਚ ਬੱਚੇ ਦਾ ਨਾਂ ਬੁੱਧ ਸਿੰਘ ਤੋਂ ਰਣਜੀਤ ਸਿੰਘ ਰੱਖ ਦਿੱਤਾ। ਰਣਜੀਤ ਸਿੰਘ ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਇਸ ਕਰਕੇ ਉਸ ਦੀ ਪਾਲਣਾ ਪੋਸਣਾ ਬੜੇ ਲਾਡ ਪਿਆਰ ਨਾਲ ਹੋਈ। ਬਚਪਨ ਵਿਚ ਹੀ ਰਣਜੀਤ ਸਿੰਘ ਉੱਤੇ ਚੇਚਕ ਬੁਖ਼ਾਰ ਦਾ ਬਹੁਤ ਸਖ਼ਤ ਹਮਲਾ ਹੋਇਆ। ਸੋਹਨ ਲਾਲ ਸੂਰੀ ਇਸ ਬਾਬਤ ਇੰਜ ਲਿਖਦਾ ਹੈ, "ਉਸ ਮਹਾਨ ਪਰਮੇਸ਼ਵਰ ਦੇ ਭਾਣੇ ਅਨੁਸਾਰ ਮਨਾਵਰ ਵਿਖੇ ਵੱਡਪਰਤਾਪੀ ਸਾਹਿਬਜ਼ਾਦੇ ਦੀ ਤਬੀਅਤ ਖਰਾਬ ਹੋ ਗਈ। ਸਰਬਲੰਦ ਖ਼ਾਨ ਦੀ ਅਗਵਾਈ ਹੇਠ ਦੋ ਸੌ ਜੰਗਜੂ ਸਵਾਰ ਅਤੇ ਸੂਝਵਾਨ ਵਿਅਕਤੀ ਲਾਲਾ ਹਾਕਮ ਰਾਏ (ਹਕੀਮ) ਨੂੰ ਜਹਾਨ ਦੇ ਬਾਦਸ਼ਾਹ (ਰਣਜੀਤ ਸਿੰਘ) ਦੀ ਸੇਵਾ ਵਿਚ ਛੱਡ ਕੇ ਸਰਦਾਰ ਮਹਾਂ ਸਿੰਘ ਖੁਦ ਰਾਮ ਨਗਰ ਤਸ਼ਰੀਫ ਲੈ ਗਏ। ਸਾਹਿਬਜ਼ਾਦਾ ਖਸਰਾ ਅਤੇ ਸੀਤਲਾ ਨਿਕਲਣ ਕਰਕੇ ਬੀਮਾਰ ਹੋ ਗਿਆ। ਸਰੀਰ ਦੇ ਅੰਗਾਂ, ਵਿਸ਼ੇਸ਼ ਕਰ ਕੇ ਮੁਬਾਰਕ ਅੱਖ ਵਿਚੋਂ ਗਰਮੀ ਦਾ ਇਤਨਾ ਜੋਸ਼ ਉਠਦਾ ਸੀ ਕਿ ਕਿਸੇ ਘੜੀ ਵੀ ਆਰਾਮ ਨਹੀਂ ਮਿਲਦਾ ਸੀ। ਸਾਹਿਬਜ਼ਾਦੇ ਦੀ ਉਹ ਅੱਖ ਗਰਮੀ ਦੇ ਜੋਸ਼ ਨਾਲ ਅੰਨ੍ਹੀ ਹੋ ਗਈ। ਇਲਾਜ ਤੋਂ ਇਲਾਵਾ ਦਾਨ-ਪੁੰਨ ਵੀ ਬਹੁਤ ਕੀਤਾ ਗਿਆ ਅਤੇ ਇਕ ਵਾਰ ਅਜਿਹਾ ਸਮਾਂ ਵੀ ਆਇਆ, ਜਦੋਂ ਉਸ ਦੇ ਮਾਪਿਆਂ ਨੂੰ ਉਸ ਦੇ ਬਚਣ ਦੀ ਕੋਈ ਉਮੀਦ ਨਾ ਰਹੀ ਪਰ ਕੁਝ ਦਿਨਾਂ ਮਗਰੋਂ ਹਾਲਤ ਬਿਹਤਰ ਹੋ ਗਈ, ਪਰ ਰਣਜੀਤ ਸਿੰਘ ਦੀ ਇਕ ਅੱਖ ਸਦਾ ਲਈ ਜਾਂਦੀ ਰਹੀ ਅਤੇ ਮੂੰਹ 'ਤੇ ਚੇਚਕ ਦੇ ਭਾਰੀ ਦਾਗ ਪੈ ਗਏ।"



ਜਦੋਂ ਉਹ ਪੰਜਾਂ ਸਾਲਾਂ ਦਾ ਹੋਇਆ ਤਾਂ ਉਸ ਨੂੰ ਭਾਈ ਭਾਗ ਸਿੰਘ ਦੀ ਧਰਮਸ਼ਾਲਾ ਵਿਚ ਮੁੱਢਲੀ ਵਿਦਿਆ ਲਈ ਭੇਜਿਆ ਗਿਆ ਪਰ ਮਹਾਰਾਜਾ ਰਣਜੀਤ ਸਿੰਘ ਉਥੇ ਗੁਰਮੁਖੀ ਅਤੇ ਗਣਿਤ ਦੀ ਮੁੱਢਲੀ ਸਿੱਖਿਆ ਤੋਂ ਅੱਗੇ ਪੜ੍ਹਾਈ ਨਾ ਕਰ ਸਕਿਆ। ਅਜਿਹਾ ਉਸ ਦੇ ਆਲੇ ਦੁਆਲੇ ਮੌਜੂਦ ਸਮਾਜਿਕ ਅਤੇ ਘਰੇਲੂ ਮਾਹੌਲ ਕਰਕੇ ਹੋਇਆ। ਇਨ੍ਹਾਂ ਦਿਨਾਂ ਵਿਚ ਪੜ੍ਹਾਈ ਲਿਖਾਈ ਅਤੇ ਵਿਦਿਆ ਦਾ ਪ੍ਰਸਾਰ ਹਿੰਦੂਆਂ ਵਿਚ ਜ਼ਿਆਦਾਤਰ ਬ੍ਰਾਹਮਣਾਂ, ਖੱਤਰੀਆਂ ਅਤੇ ਮੁਸਲਮਾਨਾਂ ਵਿਚ ਸੱਯਦਾਂ ਅਤੇ ਉੱਚ ਕੁਲੀਨ ਵਰਗ ਵਿਚ ਹੀ ਸੀ। ਖੇਤੀਬਾੜੀ, ਦਸਤਕਾਰੀ ਅਤੇ ਮਜ਼ਦੂਰੀ ਕਰਨ ਵਾਲਿਆਂ ਲਈ ਪੜ੍ਹਨਾ ਲਿਖਣਾ ਬਹੁਤ ਦੂਰ ਦੀ ਗੱਲ ਸੀ। ਹਰ ਮਨੁੱਖ ਨੂੰ ਸ਼ੁਰੂ ਤੋਂ ਹੀ ਪਿਤਾ-ਪੁਰਖੀ ਅਤੇ ਖਾਨਦਾਨੀ ਧੰਦਾ ਹੀ ਕਰਨਾ ਪੈਂਦਾ ਸੀ। 'ਓੜਕ ਬੱਚਾ ਮੂਲਿਆਂ ਤੂੰ ਹੱਟੀ ਬਹਿਣਾ' ਦਾ ਸਿਧਾਂਤ ਹੀ ਲਾਗੂ ਸੀ ਅਤੇ ਜਾਤ ਪਾਤ ਅਧਾਰਿਤ ਕੰਮ-ਕਾਰ ਵਿਚ ਮੁਹਾਰਤ ਹਾਸਿਲ ਕਰਨੀ ਹੀ ਉਸ ਦੀ ਕਾਮਯਾਬੀ ਮੰਨੀ ਜਾਂਦੀ ਸੀ। ਕਈ ਵਾਰ ਖੱਤਰੀ ਅਤੇ ਬ੍ਰਾਹਮਣ ਜ਼ਮੀਨਾਂ ਦੇ ਮਾਲਿਕ ਜ਼ਰੂਰ ਹੁੰਦੇ ਸਨ ਪਰ ਉਹ ਕਾਸ਼ਤਕਾਰ ਨਹੀਂ ਸਨ। ਉੱਤਰੀ ਭਾਰਤ ਖਾਸ ਕਰ ਪੰਜਾਬ ਵਿਚ ਸਿੱਖ ਧਰਮ ਦੇ ਫੈਲਾਅ ਅਤੇ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸੇ ਦਾ ਰੂਪ ਦੇਣ ਸਦਕਾ ਆਈ ਧਾਰਮਿਕ ਅਤੇ ਸੱਭਿਆਚਾਰਕ ਕ੍ਰਾਂਤੀ ਨੇ ਸਿੱਖ ਪੰਥ ਨੂੰ ਜੁਝਾਰੂ ਬਣਾ ਦਿੱਤਾ ਸੀ। ਸਿੱਖ (ਜਿਸ ਵਿਚ ਸਾਰੀਆਂ ਹੀ ਜਾਤੀਆਂ ਦੇ ਲੋਕ ਸ਼ਾਮਲ ਸਨ) ਇਕ ਮਾਰਸ਼ਲ ਕੌਮ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਏ। ਹੁਣ ਜ਼ਮੀਨ ਨਾਲ ਜੁੜੀ ਪੰਜਾਬ ਦੀ ਮੁੱਖ ਕਾਸ਼ਤਕਾਰ ਜਮਾਤ (ਜੱਟਾਂ) ਨੇ ਵਾਹੀ ਖੇਤੀ ਤੋਂ ਇਲਾਵਾ ਸਿਪਾਹਗਿਰੀ ਵਿਚ ਹੀ ਮੁਹਾਰਤ ਹਾਸਲ ਕੀਤੀ ਅਤੇ ਬਹਾਦਰੀ ਵਿਚ ਜਾਤ ਅਧਾਰਿਤ ਖੱਤਰੀਆਂ, ਰਾਜਪੂਤਾਂ ਅਤੇ ਪਠਾਣਾਂ ਤੋਂ ਵੀ ਅੱਗੇ ਨਿਕਲ ਗਏ। ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਅਥਵਾ ਮਿਸਲਾਂ ਦੇ ਸਮੇਂ, ਪੜ੍ਹਾਈ ਨਾਲੋਂ ਯੁੱਧ-ਕਲਾ ਵਿਚ ਮਾਹਰ ਹੋਣਾ ਜ਼ਿਆਦਾ

ਮਹੱਤਵਪੂਰਨ ਮੰਨਿਆ ਜਾਂਦਾ ਸੀ ਅਤੇ ਜਿਸ ਕਰਕੇ ਘੋੜ-ਸਵਾਰੀ, ਸ਼ਿਕਾਰ ਖੇਡਣਾ, ਜੰਗੀ ਕਰਤੱਬ, ਤਲਵਾਰਬਾਜ਼ੀ, ਨਿਸ਼ਾਨੇਬਾਜ਼ੀ ਅਤੇ ਤੈਰਾਕੀ ਬਾਲਕ ਰਣਜੀਤ ਸਿੰਘ ਦੀ ਪੜ੍ਹਾਈ ਦੇ ਜ਼ਰੂਰੀ ਵਿਸ਼ੇ ਸਨ। ਉਸ ਦੁਆਰਾ ਇਨ੍ਹਾਂ ਵਿਚ ਮੁਹਾਰਤ ਹਾਸਿਲ ਕਰਨੀ ਆਮ ਵਿਦਿਆ ਦੇ ਮੌਖਿਕ ਜਾਂ ਲਿਖਤੀ ਅਧਿਐਨ ਤੋਂ ਕਿਤੇ ਵੱਧ ਮਹੱਤਤਾ ਵਾਲੀ ਗੱਲ ਸੀ ਅਤੇ ਇਹ ਉਸ ਸਮੇਂ ਅਤੇ ਹਾਲਾਤ ਦੇ ਮੁਤਾਬਕ ਹੀ ਸੀ।

ਮਹਾਰਾਜਾ ਰਣਜੀਤ ਸਿੰਘ ਦੀ ਮੰਗਣੀ ਸੰਨ 1785 ਵਿਚ ਕਨ੍ਹਈਆ ਮਿਸਲ ਦੇ ਸਰਦਾਰ ਜੈ ਸਿੰਘ ਦੀ ਪੋਤਰੀ ਮਹਿਤਾਬ ਕੌਰ ਨਾਲ ਹੋਈ ਜੋ ਸਰਦਾਰ ਗੁਰਬਖ਼ਸ਼ ਸਿੰਘ ਅਤੇ ਸਦਾ ਕੌਰ ਦੀ ਲੜਕੀ ਸੀ। ਇਨ੍ਹਾਂ ਦਿਨਾਂ ਵਿਚ ਬਾਲ ਵਿਆਹ ਅਥਵਾ ਛੋਟੀ ਉਮਰ ਵਿਚ ਵਿਆਹ ਦਾ ਰਿਵਾਜ਼ ਆਮ ਸੀ ਅਕਸਰ ਗਿਆਰਾਂ ਜਾਂ ਬਾਰਾਂ ਸਾਲਾਂ ਦੀ ਉਮਰ ਤੋਂ ਪਹਿਲਾਂ ਹੀ ਕਰ ਦਿੱਤੇ ਜਾਂਦੇ ਸਨ। ਇਸ ਰਿਸ਼ਤੇ ਨਾਲ ਮਹਾਰਾਜਾ ਰਣਜੀਤ ਸਿੰਘ ਨੂੰ ਰਾਜਨੀਤਿਕ ਫਾਇਦਾ ਬਹੁਤ ਹੋਇਆ ਕਿਉਂਕਿ ਮਿਸਲ ਕਨ੍ਹਈਆ ਅਤੇ ਮਿਸਲ ਸ਼ੁਕਰਚੱਕੀਆ ਵਿਚਕਾਰ ਤਨਾਅ ਖਤਮ ਹੋ ਗਿਆ। ਸੋਹਨ ਲਾਲ ਸੂਰੀ ਲਿਖਦਾ ਹੈ, 'ਉਸ ਨੇ (ਜੈ ਸਿੰਘ) ਸਰਦਾਰ ਮਹਾਂ ਸਿੰਘ ਨਾਲ ਮੇਲ-ਜੋਲ ਅਤੇ ਮਿੱਤਰਤਾ ਕੀਤੇ ਬਿਨਾਂ ਦੇਸ਼ ਪੰਜਾਬ ਵਿਚ ਆਪਣਾ ਠਹਿਰਨਾ ਠੀਕ ਨਾ ਸਮਝਿਆ ਅਤੇ ਸਤਵੰਤੀ ਮਾਈ ਸਦਾ ਕੌਰ ਦੀ ਸਲਾਹ ਨਾਲ ਆਪਣੀ ਬੇਟੀ ਦੀ ਮੰਗਣੀ ਹਕੂਮਤ ਦੇ ਸਾਹਿਬਜ਼ਾਦੇ (ਰਣਜੀਤ ਸਿੰਘ) ਨਾਲ ਮੁਕੱਰਰ ਕਰ ਦਿੱਤੀ। ਅਜਿਹਾ ਹੋਣ ਨਾਲ ਸਰਦਾਰ ਮਹਾਂ ਸਿੰਘ ਦੀਆਂ ਫਤਹਿਮੰਦ ਫੌਜਾਂ ਅਤੇ ਕਨ੍ਹਈਆ ਲਸ਼ਕਰ ਵਿਚ ਸੁਲ੍ਹਾ-ਸਫਾਈ ਹੋ ਗਈ ਅਤੇ ਲੜਾਈ ਝਗੜਾ ਬੰਦ ਹੋ ਗਿਆ।'

ਜਦੋਂ ਮਹਾਰਾਜਾ ਰਣਜੀਤ ਸਿੰਘ ਅਜੇ ਨੌਂ ਜਾਂ ਦਸ ਸਾਲ ਦਾ ਸੀ ਉਦੋਂ ਹੀ ਉਸ ਨੇ ਆਪਣੇ ਪਿਤਾ ਨਾਲ ਯੁੱਧਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਇਕ ਵਾਰ ਸੋਦਰਾ ਉਤੇ ਫ਼ੌਜੀ ਮੁਹਿੰਮ ਦੌਰਾਨ ਸਰਦਾਰ ਮਹਾਂ ਸਿੰਘ ਅਚਾਨਕ ਬੀਮਾਰ ਪੈ ਗਿਆ ਅਤੇ ਉਸ ਨੂੰ ਯੁੱਧ ਖੇਤਰ ਤੋਂ ਵਾਪਸ ਮੁੜਨਾ ਪਿਆ। ਇਸ ਸਮੇਂ ਰਣਜੀਤ ਸਿੰਘ ਨੇ ਹਮਲਾ ਜਾਰੀ ਰੱਖਿਆ ਅਤੇ ਦੁਸ਼ਮਣ ਨੂੰ ਹਰਾ ਕੇ ਉਸ ਦੇ ਅਸਲੇ ਅਤੇ ਗੋਲਾ ਬਾਰੂਦ 'ਤੇ ਵੀ ਕਬਜ਼ਾ ਕਰ ਲਿਆ। ਅੱਲੜ ਉਮਰ ਦੀ ਇਸ ਜਿੱਤ ਨੇ ਰਣਜੀਤ ਸਿੰਘ ਦੀ ਬਹੁਤ ਹੌਸਲਾ ਅਫਜ਼ਾਈ ਕੀਤੀ। ਅੱਲੜ ਉਮਰ ਦੀ ਬਹਾਦਰੀ ਦੀ ਇਕ ਹੋਰ ਮਿਸਾਲ ਆਉਂਦੀ ਹੈ ਕਿ ਜਦੋਂ ਰਣਜੀਤ ਸਿੰਘ ਸ਼ਿਕਾਰ ਖੇਡਦਾ ਅਚਾਨਕ ਆਪਣੇ ਸਾਥੀਆਂ ਤੋਂ ਵਿਛੜ ਕੇ ਲਾਡੇਵਾਲੀ ਦੇ ਉਸ ਇਲਾਕੇ ਵਿਚ ਪਹੁੰਚ ਗਿਆ ਜੋ ਚੱਠੇ ਸਰਦਾਰਾਂ ਦੇ ਕਬਜ਼ੇ ਵਿਚ ਸੀ। ਉਸ ਵੇਲੇ ਨਵਾਬ ਹਸ਼ਮਤ ਖਾਨ ਚੱਠਾ ਵੀ ਉਥੇ (ਜਿਸ ਨੂੰ ਮਹਾਂ ਸਿੰਘ ਨੇ ਇਕ ਵਾਰ ਬੁਰੀ ਤਰ੍ਹਾਂ ਹਰਾਇਆ ਸੀ) ਸ਼ਿਕਾਰ ਖੇਡ ਰਿਹਾ ਸੀ। ਉਸ ਨੇ ਰਣਜੀਤ ਸਿੰਘ ਨੂੰ ਇਸ ਹਾਲਾਤ ਵਿਚ ਇਕੱਲਿਆਂ ਵੇਖ ਕੇ ਝਾੜੀ ਦੀ ਆੜ ਵਿਚੋਂ ਤਲਵਾਰ ਨਾਲ ਅਚਾਨਕ ਹਮਲਾ ਕਰ ਦਿੱਤਾ। ਰਣਜੀਤ ਸਿੰਘ ਨੇ ਫੁਰਤੀ ਨਾਲ ਆਪਣੇ ਆਪ ਨੂੰ ਇਸ ਘਾਤਕ ਹਮਲੇ ਤੋਂ ਬਚਾਅ ਲਿਆ ਅਤੇ ਜਵਾਬੀ ਵਾਰ ਨਾਲ ਹਸ਼ਮਤ ਖਾਨ ਨੂੰ ਢੇਰੀ ਕਰ ਦਿੱਤਾ ਅਤੇ ਉਸ ਦਾ ਇਲਾਕਾ ਵੀ ਆਪਣੇ ਅਧਿਕਾਰ ਵਿਚ ਕਰ ਲਿਆ। ਇਸ ਬਹਾਦਰੀ ਭਰੇ ਕਾਰਨਾਮੇ ਨਾਲ ਉਸ ਦੀ ਬਹੁਤ ਵਾਹ ਵਾਹ ਹੋਈ। ਇਹ ਵਾਕਿਆ ਸੰਨ 1796 ਦਾ ਹੈ ਅਤੇ ਰਣਜੀਤ ਸਿੰਘ ਸਿਰਫ਼ ਪੰਦਰ੍ਹਾਂ ਜਾਂ ਸੋਲ੍ਹਾਂ ਸਾਲਾਂ ਦਾ ਹੀ ਸੀ। ਅਗਰ ਰਣਜੀਤ ਸਿੰਘ ਜੰਗੀ ਕਰਤਬਾਂ ਦੀ ਪੜ੍ਹਾਈ ਵਿਚ ਨਿਪੁੰਨ ਨਾ ਹੁੰਦਾ ਤਾਂ ਹੁਣ ਚਿੱਤ ਹੋ ਜਾਣਾ ਸੀ।

(...ਚਲਦਾ)

*****

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਨਵੰਬਰ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

1. **ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 549 ਵਾਂ ਪ੍ਰਕਾਸ਼ ਪੁਰਬ** :- ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 549 ਵੇਂ ਪ੍ਰਕਾਸ਼ ਪੁਰਬ ਜੋ 23-11-2018 ਨੂੰ ਮਨਾਇਆ ਗਿਆ ਹੈ ਇਸਦੇ ਸਬੰਧ ਵਿਚ 21-11-2018 ਦਿਨ ਬੁੱਧਵਾਰ ਹਰ ਸਾਲ ਦੀ ਤਰ੍ਹਾਂ ਇਕ ਵਿਸ਼ਾਲ ਨਗਰ ਕੀਰਤਨ 11:30 ਵਜੇ ਗੁਰਦੁਆਰਾ ਸ੍ਰੀ ਸਿੰਘ ਸਭਾ ਸੈਕਟਰ-19-ਡੀ ਚੰਡੀਗੜ੍ਹ ਤੋਂ ਆਰੰਭ ਹੋ ਕੇ ਸੈਕਟਰ-19, 27, 28 ਦੀਆਂ ਮਾਰਕੀਟਾਂ ਤੋਂ ਲੰਘਦਾ ਹੋਇਆ ਗੁਰਦੁਆਰਾ ਸਾਹਿਬ ਨਾਨਕਸਰ ਆਈ.ਟੀ.ਆਈ. ਕਾਲਜ ਸੈਕਟਰ-28, ਪੁਲਿਸ ਲਾਇਨ ਤੋਂ ਲੰਘ ਕੇ ਗੁਰਦੁਆਰਾ ਸਾਹਿਬ ਸੈਕਟਰ-29 ਕੋਲੋਂ ਹੁੰਦਾ ਹੋਇਆ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30 ਦੇ ਗੇਟ ਤੇ 4 ਵਜੇ ਪਹੁੰਚਿਆ। ਨਗਰ ਕੀਰਤਨ ਦਾ ਸੁਆਗਤ ਕਰਨ ਲਈ ਪ੍ਰਧਾਨ ਸ. ਜਗੀਰ ਸਿੰਘ ਲਾਲੀਆ, ਮੀਤ ਪ੍ਰਧਾਨ ਸ. ਬਲਵਿੰਦਰ ਸਿੰਘ ਮੁਲਤਾਨੀ, ਮੀਤ ਪ੍ਰਧਾਨ ਸ. ਗੁਲਸ਼ਨ ਕੁਮਾਰ ਸਿੰਘ, ਵਿੱਤ ਸਕੱਤਰ ਸ. ਹਰਦਿਆਲ ਸਿੰਘ ਘੋਤੜਾ, ਰਿਜ਼ਨਲ ਪ੍ਰਧਾਨ ਸ. ਰਾਜਪਾਲ ਸਿੰਘ, ਕਾਰਜਕਾਰਨੀ ਮੈਂਬਰ ਸ. ਚਰਨਜੀਤ ਸਿੰਘ ਲੁਬਾਣਾ, ਸਰਦਾਰਨੀ ਜਸਵੰਤ ਕੌਰ, ਸਰਦਾਰਨੀ ਨਰਿੰਦਰ ਕੌਰ, ਸਰਦਾਰਨੀ ਕੁਲਵੰਤ ਕੌਰ, ਸਰਦਾਰਨੀ ਰਾਜਿੰਦਰ ਕੌਰ ਅਤੇ ਭਵਨ ਦਾ ਸਾਰਾ ਸਟਾਫ ਹਾਜ਼ਰ ਸੀ। ਸਭ ਨੇ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਪੰਜਾਂ ਪਿਆਰਿਆਂ ਨੂੰ ਸਰੋਪੇ ਪਾਏ ਤੇ ਪ੍ਰਧਾਨ ਜੀ ਨੇ ਗੁਰੂ ਸਾਹਿਬ ਦੀ ਸਵਾਰੀ ਤੇ ਸੁੰਦਰ ਰੁਮਾਲਾ ਸਾਹਿਬ ਅਤੇ ਮੈਨੇਜਮੈਂਟ ਵੱਲੋਂ ਮਾਇਆ ਭੇਟ ਕੀਤੀ ਅਤੇ ਗੁਰੂ ਘਰ ਦੀ ਬਖ਼ਸ਼ਿਸ਼ ਅਤੇ ਪ੍ਰਸ਼ਾਦ ਲਿਆ। ਨਗਰ ਕੀਰਤਨ ਦੀ ਪ੍ਰਬੰਧਕ ਕਮੇਟੀ ਨੇ ਫਾਉਂਡੇਸ਼ਨ ਦੀ ਮੈਨੇਜਮੈਂਟ ਦਾ ਧੰਨਵਾਦ ਕੀਤਾ। ਨਗਰ ਕੀਰਤਨ ਨਾਲ ਚੱਲ ਰਹੀ ਸੰਗਤ ਨੂੰ ਛੋਲੇ, ਕੜਾਹ ਪ੍ਰਸ਼ਾਦ ਅਤੇ ਜਲ ਆਦਿ ਦਾ ਪ੍ਰਸ਼ਾਦ ਵੰਡਿਆ ਗਿਆ।



**2. ਓ.ਬੀ.ਸੀ. ਦੀ ਰਿਜ਼ਰਵੇਸ਼ਨ ਬਾਰੇ** :- ਸੁਪਰੀਮ ਕੋਰਟ ਵਿਚ ਜੋ ਅਪੀਲ ਪਾਈ ਗਈ ਸੀ ਉਸ ਦੀ ਇਨਲਿਸਟਮੈਂਟ ਹੋ ਚੁੱਕੀ ਹੈ। ਵਕੀਲਾਂ ਵੱਲੋਂ ਤਿਆਰੀ ਕੀਤੀ ਜਾ ਰਹੀ ਹੈ। ਪੰਜਾਬ ਇੰਜੀਨੀਅਰਿੰਗ ਕਾਲਜ (ਡੀਮਡ ਯੂਨੀਵਰਸਿਟੀ) ਚੰਡੀਗੜ੍ਹ ਨੂੰ ਸੰਵਿਧਾਨ ਮੁਤਾਬਿਕ ਜੋ ਓ.ਬੀ.ਸੀ. ਦੀ ਰਿਜ਼ਰਵੇਸ਼ਨ ਦੇਣੀ ਚਾਹੀਦੀ ਹੈ ਉਸ ਬਾਰੇ ਵਿਚ ਲਿਖਿਆ ਗਿਆ ਹੈ ਅਤੇ ਅਗਾਹ ਕੀਤਾ ਗਿਆ ਹੈ ਕਿ ਫੈਸਲਾ ਦੇਰ ਨਾਲ ਆਉਣ ਤੇ ਪਿਛਲੇ ਸਾਲਾਂ ਦਾ ਜੋ ਰਿਜ਼ਰਵੇਸ਼ਨ ਦੀਆਂ ਸੀਟਾਂ ਦਾ ਬੈਕਲੋਗ ਪੂਰਾ ਕਰਨਾ ਪਵੇਗਾ। ਇਕ-ਦੋ ਮਹੀਨਿਆਂ ਤੱਕ ਜੇ ਸੁਣਵਾਈ ਨਾ ਹੋਈ ਤਾਂ (Early Hearing ) ਦੀ ਅਪੀਲ ਪਾ ਦਿੱਤੀ ਜਾਵੇਗੀ।

**3. ਮੈਰਿਟ-ਕਮ-ਮੀਨਜ਼ਸਕਾਲਰਸ਼ਿਪ** :- ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ ਦੀਆਂ ਤਕਰੀਬਨ 160 ਅਰਜ਼ੀਆਂ ਆ ਚੁੱਕੀਆਂ ਹਨ ਜਿਨ੍ਹਾਂ ਦੀ ਰਜਿਸਟਰੇਸ਼ਨ ਹੋ ਚੁੱਕੀ ਹੈ। ਮਿਤੀ 24-11-2018 ਨੂੰ ਸਕਾਲਰਸ਼ਿਪ ਕਮੇਟੀ ਦੀ ਪਹਿਲੀ ਮੀਟਿੰਗ ਹੋਈ ਅਤੇ ਦੂਸਰੀ ਮੀਟਿੰਗ 28-11-2018 ਨੂੰ ਹੋ ਚੁੱਕੀ ਹੈ, ਜਿਸ ਵਿਚ ਆਮ ਤੌਰ ਤੇ ਇਹ ਦੇਖਿਆ ਗਿਆ ਹੈ ਕਿ ਬਹੁਤ ਸਾਰੀਆਂ ਅਰਜ਼ੀਆਂ ਰਿਜ਼ਨਲ ਪ੍ਰਧਾਨਾਂ ਦੇ ਰਾਹੀਂ ਨਹੀਂ ਆਈਆਂ ਅਤੇ ਬਹੁਤ ਅਰਜ਼ੀਆਂ ਨਾਲ ਅਠਵੀਂ ਜਮਾਤ ਦੇ ਸਰਟੀਫਿਕੇਟ ਨਹੀਂ ਲਗਾਏ ਗਏ। ਬਹੁਤ ਸਾਰੀਆਂ ਅਰਜ਼ੀਆਂ ਨਾਲ ਆਮਦਨ ਅਟੈਸਟ ਨਹੀਂ ਕਰਵਾਈ ਗਈ। ਮੈਗਜ਼ੀਨ ਰਾਹੀਂ ਬੇਨਤੀ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਅਰਜ਼ੀਆਂ ਵਿਚ ਉੱਪਰ ਲਿਖੀਆਂ ਖਾਮੀਆਂ ਹਨ ਉਹ ਜਲਦੀ ਤੋਂ ਜਲਦੀ ਪੂਰੀਆਂ ਕੀਤੀਆਂ ਜਾਣ ਤਾਂ ਕਿ ਅਸੀਂ ਫਾਇਨਲ ਕਰ ਸਕੀਏ। 9ਵੀਂ ਅਤੇ 10ਵੀਂ ਕਲਾਸ ਵਾਲੀਆਂ ਅਰਜ਼ੀਆਂ ਵਿਚ ਪਾਇਆ ਗਿਆ ਹੈ ਕਿ ਸਾਬਕਾ ਜਨਰਲ ਸਕੱਤਰ ਨੇ ਇੱਕੋ ਸਕੂਲ ਦੀਆਂ 25-30 ਅਰਜ਼ੀਆਂ ਆਪ ਹੀ ਤਸਦੀਕ ਕਰਕੇ ਭੇਜੀਆਂ ਹਨ। ਜਿਨ੍ਹਾਂ ਨਾਲ ਨਾਂ ਤਾਂ ਸਰਟੀਫਿਕੇਟ ਅਤੇ ਨਾਂ ਹੀ ਆਮਦਨ ਤਸਦੀਕ ਕੀਤੀ ਹੈ। ਜਿਹੜੇ ਸਰਟੀਫਿਕੇਟ ਲੱਗੇ ਹਨ ਉਨ੍ਹਾਂ ਵਿਚ ਨੰਬਰਾਂ ਦੀ ਬਹੁਤ ਕਟਿੰਗ ਅਤੇ ਓਵਰ-ਰਾਇਟਿੰਗ ਕੀਤੀ ਗਈ ਹੈ। ਅਗਲੀ ਮੀਟਿੰਗ ਵਿਚ ਬਾਕੀ ਦੀਆਂ ਅਰਜ਼ੀਆਂ ਘੋਖਣ ਤੋਂ ਬਾਅਦ ਸਕਾਲਰਸ਼ਿਪ ਰਿਲੀਜ਼ ਕਰ ਦਿੱਤੇ ਜਾਣਗੇ।



**4. ਨਾਢੂ ਸ਼ਾਹ ਲੁਬਾਣਾ ਦੇ ਨਾਮ ਨਾਲੋਂ ਲੁਬਾਣਾ ਲਫ਼ਜ਼ ਹਟਾਉਣ ਬਾਰੇ** :- ਸ. ਬਲਬੀਰ ਸਿੰਘ ਵਾਸੀ ਸੈਕਟਰ-35, ਚੰਡੀਗੜ੍ਹ ਨੇ ਪ੍ਰਧਾਨ ਜੀ ਦੇ ਨੋਟਿਸ ਵਿਚ ਲਿਆਂਦਾ ਸੀ ਕਿ ਗੁਰਦੁਆਰਾ ਨਾਢਾ ਸਾਹਿਬ ਪੰਚਕੂਲਾ, ਹਰਿਆਣਾ ਵਿਚ ਜੋ ਇਤਿਹਾਸ ਬਾਹਰ ਲਿਖਿਆ ਗਿਆ ਹੈ ਉਸ ਵਿਚ ਨਾਢੂ ਸ਼ਾਹ ਲੁਬਾਣਾ ਦੇ ਨਾਮ ਨਾਲੋਂ ਲੁਬਾਣਾ ਲਫ਼ਜ਼ ਹਟਾ ਦਿੱਤਾ ਗਿਆ ਹੈ ਜਦੋਂ ਕਿ ਪਹਿਲਾਂ ਹਰ ਬੋਰਡ ਤੇ ਨਾਢੂ ਸ਼ਾਹ ਨਾਲ ਲੁਬਾਣਾ ਲਫ਼ਜ਼ ਲਿਖਿਆ

ਹੋਇਆ ਸੀ। ਪ੍ਰਧਾਨ ਸ. ਜਗੀਰ ਸਿੰਘ ਲਾਲੀਆ, ਮੀਤ ਪ੍ਰਧਾਨ ਸ. ਬਲਵਿੰਦਰ ਸਿੰਘ ਮੁਲਤਾਨੀ, ਮੀਤ ਪ੍ਰਧਾਨ ਸ. ਗੁਲਸ਼ਨ ਕੁਮਾਰ ਸਿੰਘ ਅਤੇ ਵਿੱਤ ਸਕੱਤਰ ਸ. ਹਰਦਿਆਲ ਸਿੰਘ ਘੋਤੜਾ ਸਭ ਗੁਰਦੁਆਰਾ ਨਾਢਾ ਸਾਹਿਬ ਦੇ ਮੈਨੇਜਰ ਨੂੰ ਮਿਲ ਕੇ ਵਿਚਾਰ ਵਟਾਂਦਰਾ ਕੀਤਾ ਅਤੇ ਸਾਰਿਆਂ ਨੇ ਇਹ ਤੱਥ ਵੈਰੀਫਾਈ ਕੀਤਾ। ਸਾਰਾ ਦੇਖਣ ਤੋਂ ਪਤਾ ਲੱਗਿਆ ਕਿ ਬਾਹਰ ਵਾਲਾ ਬੋਰਡ ਜੋ ਸ਼ਾਮ ਜਵੈਲਰ ਚੰਡੀਗੜ੍ਹ ਨੇ ਲਗਾਇਆ ਹੈ, ਉਸ ਉੱਪਰ ਨਾਢੂ ਸ਼ਾਹ ਲੁਬਾਣਾ ਦੇ ਨਾਮ ਨਾਲੋਂ ਲੁਬਾਣਾ ਲਫ਼ਜ਼ ਹਟਾ ਦਿੱਤਾ ਹੈ। ਪਰ ਅੰਦਰ ਜੋ ਬੋਰਡ ਲੱਗਾ ਹੈ ਉਸ ਉੱਪਰ ਲੁਬਾਣਾ ਲਫ਼ਜ਼ ਲਿਖਿਆ ਹੋਇਆ ਹੈ। ਮੈਨੇਜਰ ਸਾਹਿਬ ਨੇ ਸੁਝਾਓ ਦਿੱਤਾ ਕਿ ਤੁਸੀਂ ਲਿਖ ਕੇ ਭੇਜ ਦਿਉ ਅਸੀਂ ਪੂਰੀ ਘੋਖ ਕਰਕੇ ਇਸ ਦਾ ਜਵਾਬ ਦੇ ਦਿਆਂਗੇ। ਪ੍ਰਧਾਨ ਜੀ ਨੇ ਪ੍ਰਧਾਨ ਐਸ.ਜੀ.ਪੀ.ਸੀ. ਨੂੰ ਇੱਕ ਪੱਤਰ ਰਾਹੀਂ ਧਿਆਨ ਵਿਚ ਲਿਆਂਦਾ ਹੈ ਕਿ ਪਹਿਲਾਂ ਜੋ ਇਤਿਹਾਸ ਦਾ ਬੋਰਡ ਲੱਗਿਆ ਸੀ ਉਸ ਵਿਚ ਨਾਢੂ ਸ਼ਾਹ ਨਾਲ ਲੁਬਾਣਾ ਲਫ਼ਜ਼ ਲਿਖਿਆ ਸੀ, ਪਰ ਜੋ ਹੁਣ ਬੋਰਡ ਬਾਹਰ ਲੱਗਿਆ ਹੈ ਉਸ ਵਿਚ ਲੁਬਾਣਾ ਲਫ਼ਜ਼ ਹਟਾ ਦਿੱਤਾ ਗਿਆ ਹੈ।

ਪ੍ਰਧਾਨ ਜੀ ਨੇ ਬੇਨਤੀ ਕੀਤੀ ਹੈ ਕਿ ਇਸ ਬਾਰੇ ਘੋਖ ਕਰਕੇ ਤੁਰੰਤ ਧਿਆਨ ਦਿੱਤਾ ਜਾਵੇ ਅਤੇ ਜਿਸ ਤਰ੍ਹਾਂ ਪਹਿਲਾਂ ਨਾਢੂ ਸ਼ਾਹ ਨਾਲ ਲੁਬਾਣਾ ਲਫ਼ਜ਼ ਸੀ ਉਸੇ ਤਰ੍ਹਾਂ ਹੀ ਲਿਖ ਦਿੱਤਾ ਜਾਵੇ, ਤਾਂ ਕਿ ਇਤਿਹਾਸਿਕ ਤੱਥ ਨਾਲ ਛੇੜ-ਛਾੜ ਨਾ ਕੀਤੀ ਜਾਵੇ। ਇਸ ਦੀ ਇੱਕ ਕਾਪੀ ਮੈਨੇਜਰ ਗੁਰਦੁਆਰਾ ਨਾਢਾ ਸਾਹਿਬ ਅਤੇ ਇੱਕ ਕਾਪੀ ਬੀਬੀ ਜਗੀਰ ਕੌਰ ਨੂੰ ਭੇਜ ਦਿੱਤੀ ਗਈ ਹੈ।

5. **ਕਾਨਫਰੈਂਸ ਹਾਲ ਬਾਰੇ** :- ਕਾਨਫਰੈਂਸ ਹਾਲ ਦਾ ਕੰਮ ਚਲ ਰਿਹਾ ਹੈ। ਦੀਵਾਰਾਂ ਦੀ ਪੈਨਲਿੰਗ ਹੋ ਚੁੱਕੀ ਹੈ ਅਤੇ ਵੁੱਡ () ਫਲੋਰਿੰਗ ਮੁਕੰਮਲ ਕਰ ਦਿੱਤੀ ਗਈ ਹੈ। ਕਾਨਫਰੈਂਸ ਟੇਬਲ ਦਾ ਆਰਡਰ ਦੇ ਦਿੱਤਾ ਗਿਆ ਹੈ, ਜੋ ਇੱਕ ਮਹੀਨੇ ਤੱਕ ਕੰਪਲੀਟ ਫਿਕਸ ਕਰ ਦਿੱਤਾ ਜਾਵੇਗਾ। ਟੇਬਲ ਫਿਕਸ ਹੋਣ ਤੋਂ ਬਾਅਦ ਕੁਰਸੀਆਂ ਦੀ ਖ਼ਰੀਦ ਕਰ ਲਈ ਜਾਵੇਗੀ। ਇਸ ਤੇ ਪੈਨਲਿੰਗ ਅਤੇ ਫਲੋਰਿੰਗ ਤੇ ਤਕਰੀਬਨ 85,000/- ਰੁ: ਖ਼ਰਚ ਹੋ ਚੁੱਕੇ ਹਨ।

6. **ਐਂਬੂਲੈਂਸ ਬਾਰੇ** :- ਭਵਨ ਦੀ ਐਂਬੂਲੈਂਸ ਜਲੰਧਰ ਤੋਂ ਮਿਤੀ 26-11-2018 ਨੂੰ ਵਾਪਿਸ ਆ ਚੁੱਕੀ ਹੈ। ਐਂਬੂਲੈਂਸ ਅਤੇ ਐਨਾਲਾਇਜ਼ਰ ਦੀ ਤਸੱਲੀਬਖ਼ਸ਼ ਰਿਪੇਅਰ ਕਰਵਾ ਕੇ ਨਰਾਇਣਗੜ੍ਹ ਭੇਜੀ ਜਾ ਰਹੀ ਹੈ।

7. **ਮੈਡੀਕਲ ਵਿੰਗ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ 30-ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ., ਕਲੀਨਿਕਲ ਲੈਬ ਅਤੇ ਡੈਂਟਲ ਵਿਚ ਚੈੱਕਅਪ ਚੱਲ ਰਹੇ ਹਨ। ਮੈਡੀਕਲ ਓ.ਪੀ.ਡੀ. ਅਤੇ ਕਲੀਨਿਕਲ ਲੈਬ ਦੇ ਨਵੰਬਰ ਮਹੀਨੇ ਦੇ ਇਲਾਜ ਦਾਵੇਰਵਾ ਇਸ ਤਰ੍ਹਾਂ ਹੈ:-

1. ਮੈਡੀਕਲ ਓ.ਪੀ.ਡੀ - 95
2. ਮੈਡੀਕਲ ਲੈਬ - 24
3. ਡੈਂਟਲ ਕਲੀਨਿਕ - 30

**ਮੈਡੀਕਲ ਕੈਂਪ ਬਾਰੇ** :- ਨਵੰਬਰ ਮਹੀਨੇ ਵਿਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੁੱਲ 2 ਕੈਂਪ ਲਗਾਏ ਗਏ ਹਨ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਮਿਤੀ ਅਤੇ ਸਥਾਨ | ਮਰੀਜ਼ |
|---|---|---|
| 1. | 04-11-18 ਜਲਾਲਪੁਰ | 57 |
| 2. | 23-11-18 ਸੰਤ ਪ੍ਰੇਮ ਸਿੰਘ ਕੰਪਲੈਕਸ ਜਲੰਧਰ | 43 |

**ਜਗੀਰ ਸਿੰਘ ਲਾਲੀਆ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ**
**ਫਾਉਂਡੇਸ਼ਨ ਚੰਡੀਗੜ੍ਹ।**

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂ ਰੁੱਲ ਜਾਵੋਗੇ

# ਆਓ ਜਾਣੀਏ !

- ਸੰਪਾਦਕ

## ਸਿਆਟਲ 'ਚ ਸਿੱਖ ਆਰਟ ਤੇ ਫ਼ਿਲਮ ਉਤਸਵ ਰਾਹੀਂ ਲੋਕਾਂ ਨੂੰ ਸਿੱਖਾਂ ਬਾਰੇ ਜਾਣੂ ਕਰਵਾਇਆ

**ਸਿਆਟਲ** - ਖ਼ਾਲਸਾ ਗੁਰਮਤਿ ਸੈਂਟਰ ਦੇ ਸਟਾਫ਼ ਤੇ ਬੱਚਿਆਂ ਵਲੋਂ ਸਿੱਖ ਆਰਟ ਤੇ ਫ਼ਿਲਮ ਉਤਸਵ ਰਾਹੀਂ ਸਿੱਖਾਂ ਬਾਰੇ ਅਤੇ ਪੰਜਾਬੀ ਕਮਿਊਨਿਟੀ ਦੀਆਂ ਪ੍ਰਾਪਤੀਆਂ ਦੀ ਬੱਚਿਆਂ, ਨੌਜਵਾਨਾਂ ਤੇ ਸਿਆਟਲ ਨਿਵਾਸੀਆਂ ਨੂੰ ਗਰੀਨ ਰਿਵਰ ਕਾਲਜ ਐਬਰਨ 'ਚ ਜਾਣਕਾਰੀ ਮੁਹੱਈਆ ਕੀਤੀ ਗਈ। ਇਸ ਮੌਕੇ 17 ਡਾਕੂਮੈਂਟਰੀ ਫ਼ਿਲਮਾਂ ਵੱਖ-ਵੱਖ ਸਮੇਂ ਵਿਖਾਈਆਂ ਗਈਆਂ, ਜਿਨ੍ਹਾਂ ਵਿਚ ਦੁਪਹਿਰ 2 ਤੋਂ ਸ਼ਾਮ 9 ਵਜੇ ਤੱਕ ਡਾਕੂਮੈਂਟਰੀ ਫ਼ਿਲਮਾਂ ਰਾਹੀਂ ਵੱਖ-ਵੱਖ ਵਿਸ਼ਿਆਂ 'ਤੇ ਸਿੱਖਾਂ ਬਾਰੇ ਪੇਸ਼ ਮੁਸ਼ਕਿਲਾਂ ਅਤੇ ਸਿੱਖਾਂ ਦੀਆਂ ਉਪਲਬਧੀਆਂ ਦੀ ਪੇਸ਼ਕਾਰੀ ਰਾਹੀਂ ਸਿੱਖ ਕੌਮ ਦਾ ਸਿਰ ਉੱਚਾ ਹੋਇਆ। ਸਿੱਖ ਫ਼ਿਲਮ ਫੈਸਟੀਵਲ ਵਿਚ ਸਿੱਖਾਂ ਨੂੰ ਵੱਖ-ਵੱਖ ਸਮੇਂ ਮੁਸ਼ਕਿਲਾਂ ਤੇ ਉਨ੍ਹਾਂ ਦਾ ਹੱਲ ਅਤੇ ਉਪਲਬਧੀਆਂ ਬਾਰੇ ਜਾਣੂ ਕਰਾਇਆ ਗਿਆ ਤਾਂ ਜੋ ਸਿੱਖਾਂ ਦੀਆਂ ਪ੍ਰਾਪਤੀਆਂ ਆਪਣੀ ਕਮਿਊਨਿਟੀ ਤੇ ਦੂਸਰੀਆਂ ਜਾਤਾਂ, ਧਰਮਾਂ ਦੇ ਲੋਕਾਂ ਨੂੰ ਜਾਣੂ ਕਰਵਾਇਆ ਜਾ ਸਕੇ। ਇਸ ਮੌਕੇ ਖਾਣ-ਪੀਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।

ਸਿਆਟਲ ਦੇ ਪੰਜਾਬੀ ਭਾਈਚਾਰੇ ਨੇ ਖ਼ਾਲਸਾ ਗੁਰਮਤਿ ਸਕੂਲ ਵਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਸਮੇਂ 3 ਆਰਟਿਸ ਇਕ ਫਿਨਿਕਸ ਤੋਂ ਤੇ ਦੋ ਵਾਸ਼ਿੰਗਟਨ ਸਟੇਟ ਤੋਂ ਰੁਪਿੰਦਰ ਸਿੰਘ ਔਲਖ ਤੇ ਬੀਬੀ ਮਨਪ੍ਰੀਤ ਕੌਰ ਦੀ ਪ੍ਰਦਰਸ਼ਨੀ ਰਾਹੀਂ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।

1. ਹਿੰਦੂ ਧਰਮ ਦੀ ਜਨਮ ਭੂਮੀ ਕਿਹੜੇ ਪ੍ਰਦੇਸ਼ ਨੂੰ ਮੰਨਿਆ ਗਿਆ ਹੈ? (IAS 1996)
   (ੳ) ਮੱਧ ਪ੍ਰਦੇਸ਼ (ਅ) ਬੰਗਾਲ (ੲ) ਪੰਜਾਬ (ਸ) ਕਾਮਰੂਪ
2. ਅਫਗਾਨਿਸਤਾਨ ਤੇ ਮੱਧ ਏਸ਼ੀਆ ਦੇ ਦੇਸ਼ਾਂ ਨਾਲ ਪੰਜਾਬ ਦਾ ਵਪਾਰ ਕਿਹੜੇ ਪਹਾੜੀ ਰਸਤੇ ਰਾਹੀਂ ਸਭ ਤੋਂ ਜ਼ਿਆਦਾ ਹੁੰਦਾ ਸੀ? (RPSC 2003)
   (ੳ) ਬੋਲਾਨ (ਅ) ਖੈਬਰ (ੲ) ਟੋਚੀ (ਸ) ਨੁਰਮ
3. ਆਯੁਰਵੈਦ ਦੇ ਜਨਮਦਾਤਾ ਚਰਕ ਦਾ ਜਨਮ ਭਾਰਤ ਦੇ ਕਿਹੜੇ ਪ੍ਰਾਂਤ ਵਿਚ ਹੋਇਆ? (RPSC 2007)
   (ੳ) ਉੱਤਰ ਪ੍ਰਦੇਸ਼ (ਅ) ਪੰਜਾਬ (ੲ) ਰਾਜਸਥਾਨ (ਸ) ਮੱਧ ਪ੍ਰਦੇਸ਼
4. ਤਕਸ਼ਿਲਾ ਵਿਸ਼ਵ ਵਿਦਿਆਲਾ ਪ੍ਰਾਚੀਨ ਭਾਰਤ ਦੇ ਕਿਹੜੇ ਪ੍ਰਾਂਤ ਵਿਚ ਸਥਿਤ ਸੀ? (UGC 2005)
   (ੳ) ਬਿਹਾਰ (ਅ) ਉੱਤਰ ਪ੍ਰਦੇਸ਼ (ੲ) ਪੰਜਾਬ (ਸ) ਬੰਗਾਲ
5. ਪੰਜਾਬ ਤੇ ਹਮਲਾ ਕਰਨ ਵਾਲੀ ਆਖਰੀ ਵਿਦੇਸ਼ੀ ਜਾਤ ਕਿਹੜੀ ਸੀ? (SSC 2001)
   (ੳ) ਦੁਰਾਨੀ (ਅ) ਐਗਲੋ (ੲ) ਮੁਗਲ (ਸ) ਤੁਰਕ

ਉੱਤਰ - 1 (ੲ), 2 (ਅ), 3 (ਅ), 4 (ੲ), 5 (ਅ)

(ਚਲਦਾ.....)

ਅੰਕ 80 ਦੇ ਅਕਤੂਬਰ 2018 ਦੇ ਉੱਤਰਾਂ ਦਾ ਵੇਰਵਾ

ਪ੍ਰਸ਼ਨ ਨੰਬਰ 1 (ੳ), 2 (ਅ), 3 (ੳ), 4 (ਅ), 5 (ਅ)

ਸੰਪਾਦਕ

# ਦਹੀਂ : ਤੰਦਰੁਸਤੀ ਲਈ ਵਰਦਾਨ



ਦਹੀਂ ਇਕ ਪੌਸ਼ਟਿਕ ਖੁਰਾਕ ਹੈ। ਇਹ ਹਰ ਮੌਸਮ ਵਿਚ ਸਭ ਘਰਾਂ ਵਿਚ ਵਰਤੀ ਜਾਂਦੀ ਹੈ। ਆਯੁਰਵੇਦ ਅਨੁਸਾਰ ਦਹੀਂ ਰੁਚੀ ਕਾਰਕ, ਭੁੱਖ ਵਧਾਉਣ ਵਾਲੀ ਹੈ। ਦਹੀਂ ਨਾਲ ਸਰੀਰ ਵਿਚ ਤਿਰਾਵਟ ਪੈਦਾ ਹੁੰਦੀ ਹੈ, ਪਾਚਨ ਸ਼ਕਤੀ ਵਧਦੀ ਹੈ। ਜੇਕਰ ਕੋਈ ਵਿਸ਼ੈਲਾ ਭੋਜਨ ਖਾਧਾ ਜਾਵੇ-ਦਹੀਂ ਜ਼ਹਿਰੀਲੇ ਮਾਦੇ ਨੂੰ ਦੂਰ ਕਰਦੀ ਹੈ। ਦਿਲ ਤੇ ਦਿਮਾਗ਼ ਨੂੰ ਤਾਕਤ ਦੇਣ ਵਾਲੀ ਅਤੇ ਪੇਟ ਦੇ ਰੋਗਾਂ ਲਈ ਬਹੁਤ ਹੀ ਗੁਣਕਾਰੀ ਹੈ। ਅੰਤੜੀਆਂ ਦੀ ਸਫ਼ਾਈ ਕਰਨ ਵਿਚ ਮੱਦਦ ਕਰਦੀ ਹੈ।

ਦਹੀਂ ਵਿਚ ਦੁੱਧ ਦੇ ਸਾਰੇ ਗੁਣ ਮੌਜੂਦ ਹੁੰਦੇ ਹਨ। ਜੋ ਕੀਟਾਣੂ ਦੁੱਧ ਵਿਚ ਹੁੰਦੇ ਹਨ, ਗਰਮੀ ਨਾਲ ਵਧ ਕੇ ਦੁੱਧ ਨੂੰ ਖਟਾਈ ਵਿਚ ਬਦਲ ਦਿੰਦੇ ਹਨ। ਦੁੱਧ ਵਿਚ ਜੋ ਕੁਦਰਤੀ ਮਿੱਠਾ ਸੁਆਦ ਹੁੰਦਾ ਹੈ ਉਹ ਖਟਾਈ ਵਿਚ ਬਦਲ ਜਾਂਦਾ ਹੈ। ਪਰ ਦੁੱਧ ਵਿਚੋਂ ਪ੍ਰਾਪਤ ਗੁਣ ਜਿਵੇਂ ਚਿਕਨਾਈ, ਵਿਟਾਮਿਨ ਏ-ਬੀ, ਪ੍ਰੋਟੀਨ, ਕੈਲਸ਼ੀਅਮ, ਚੂਨਾ, ਫਾਸਫੋਰਸ ਆਦਿ ਮੌਜੂਦ ਰਹਿੰਦੇ ਹਨ। ਇਹ ਤਾਕਤਵਰ ਹੋਣ ਦੇ ਬਾਵਜੂਦ ਵੀ ਮੋਟਾਪਾ ਨਹੀਂ ਵਧਾਉਂਦੀ। ਵਿਗਿਆਨੀਆਂ ਅਨੁਸਾਰ ਦਹੀਂ ਵਿਚ ਰਸਾਇਣਿਕ ਤੱਤ ਬਹੁਤ ਮਾਤਰਾ ਵਿਚ ਹੁੰਦੇ ਹਨ ਜਿਵੇਂ ਕਿ ਪ੍ਰੋਟੀਨ, ਵਿਟਾਮਿਨ ਸੀ ਜਿਹੇ ਤੱਤ ਵੀ ਪ੍ਰਾਪਤ ਹਨ। ਗਰਮੀਆਂ ਦੀ ਰੁੱਤ ਵਿਚ ਦਹੀਂ ਦੀ ਰਿੜਕੀ ਹੋਈ ਤੱਕਰ (ਲੱਸੀ) ਇਕ ਤਾਕਤਵਰ ਤ੍ਰਿਪਤੀ ਕਾਰਕ ਠੰਡੀ ਪੇਯ ਹੈ। ਰਿੜਕੀ ਲੱਸੀ ਵਿਚ ਦੁੱਧ ਦੀ ਬਜਾਏ ਚਿਕਨਾਹਟ ਘੱਟ ਹੁੰਦੀ ਹੈ। ਲੱਸੀ ਤੇ ਦਹੀਂ ਵਿਚ ਅਨੇਕ ਪ੍ਰਕਾਰ ਦੇ ਰੋਗਾਂ ਨੂੰ ਦੂਰ ਕਰਨ ਦੇ ਗੁਣ ਹੁੰਦੇ ਹਨ। ਆਯੁਰਵੇਦ ਵਿਚ ਇਸ ਨਾਲ ਮੰਦ ਅਗਨੀ (ਭੁੱਖ ਨਾ ਲੱਗਣੀ), ਆਂਤੜੀਆਂ ਦੀ ਕਮਜ਼ੋਰੀ, ਮਰੋੜ, ਦਸਤ, ਸੰਗ੍ਰਿਹਣੀ, ਆਦਿ ਦਾ ਇਲਾਜ ਕੀਤਾ ਜਾਂਦਾ ਹੈ। ਦਹੀਂ ਸਰੀਰ ਵਿਚ ਜੀਵਨ ਧਾਤੂਆਂ ਨੂੰ ਵਧਾਉਂਦੀ ਹੈ। ਇਸ ਨਾਲ ਸ਼ੁਕਰਾਣੂ ਤਾਕਤਵਰ ਹੁੰਦੇ ਹਨ। ਦਹੀਂ ਸਰੀਰ ਵਿਚ ਫਾਲਤੂ ਚਰਬੀ ਨੂੰ ਘਟਾਉਣ ਵਿਚ ਸਹਾਇਕ ਹੁੰਦੀ ਹੈ। ਲੋੜ ਅਨੁਸਾਰ ਖਾਧੀ ਹੋਈ ਦਹੀਂ ਸਾਡਾ ਸਰੀਰ ਇਕ ਘੰਟੇ ਵਿਚ ਹਜ਼ਮ ਕਰ ਸਕਦਾ ਹੈ। 100 ਗ੍ਰਾਮ ਦਹੀਂ ਵਿਚ ਤੁਲਸੀ ਦੇ 30 ਪੱਤੇ ਰਗੜ ਕੇ ਪਾ ਕੇ ਪੀਣ ਨਾਲ ਕੈਂਸਰ ਦੀ ਪਹਿਲੀ ਸਟੇਜ਼ ਨੂੰ ਰੋਕਿਆ ਜਾ ਸਕਦਾ ਹੈ। ਦਹੀਂ ਦੀ ਲਗਾਤਾਰ ਵਰਤੋਂ ਨਾਲ ਉਮਰ ਵਿਚ ਵਾਧਾ ਹੁੰਦਾ ਹੈ। ਦਹੀਂ ਵਿਚ ਇਕ ਇਹੋ ਜਿਹਾ ਤੱਤ ਹੈ ਜਿਹੜਾ ਖ਼ੂਨ ਵਿਚ ਕੋਲੈਸਟਰੋਲ ਨੂੰ ਘਟਾ ਕੇ ਦਿਲ ਦਾ ਦੌਰਾ (Heart Attack) ਨੂੰ ਰੋਕਦਾ ਹੈ। ਕੋਲੈਸਟ੍ਰੋਲ ਇਕ ਚਿਕਨਾ ਚਰਬੀ ਵਾਲਾ ਪਦਾਰਥ ਹੈ। ਜਿਹੜਾ ਦਿਲ ਦੀਆਂ ਨਾੜੀਆਂ ਵਿਚ ਜੰਮ ਕੇ ਰੁਕਾਵਟ ਪੈਦਾ ਕਰਦਾ ਹੈ। ਭੋਜਨ ਤੋਂ ਬਾਅਦ ਦਹੀਂ ਕੋਲੈਸਟ੍ਰੋਲ ਨੂੰ ਘਟਾਉਂਦੀ ਹੈ। ਦਿਲ ਦੇ ਰੋਗੀਆਂ ਨੂੰ ਦਹੀਂ ਖਾਣੀ ਚੰਗੀ ਹੈ। ਪੁਰਾਤਨ ਜ਼ਮਾਨੇ ਵਿਚ ਦਹੀਂ ਦੀ ਸਿਰ ਧੋਣ ਵਿਚ ਵਰਤੋਂ ਕੀਤੀ ਜਾਂਦੀ ਹੈ। ਇਸ ਨਾਲ ਕੇਸ ਕਾਲ਼ੇ ਸੰਘਣੇ, ਮੁਲਾਇਮ ਅਤੇ ਲੰਬੇ ਹੁੰਦੇ ਹਨ। ਦਹੀਂ ਦੀ ਠੰਢੀ ਮਲਾਈ ਅੱਖਾਂ ਦੀਆਂ ਪਲਕਾਂ ਤੇ ਲੇਪ ਕਰਨ ਨਾਲ ਅੱਖਾਂ ਦੀ ਗਰਮੀ ਘੱਟਦੀ ਹੈ। ਕਬਜ਼ ਤੋਂ ਛੁਟਕਾਰਾ ਪਾਉਣ ਵਾਸਤੇ ਦਹੀਂ ਦੀ ਰਿੜਕੀ ਲੱਸੀ ਰੋਜ਼ ਪੀਣੀ ਚਾਹੀਦੀ ਹੈ। ਇਸ ਵਿਚ ਰਗੜੀ ਹੋਈ ਜਮੈਣ ਪਾਈ ਜਾ ਸਕਦੀ ਹੈ। ਜਿਸ ਨੂੰ ਵਾਯੂ ਦਰਦਾਂ ਦੀ ਤਕਲੀਫ਼ ਹੋਵੇ ਉਹ ਪੀਸੀ ਹੋਈ ਸੁੰਢ ਦੀ ਚੁਟਕੀ ਪਾ ਕੇ ਪੀ ਸਕਦਾ ਹੈ। ਜਿਸ ਨੇ ਵਜ਼ਨ ਵਧਾਉਣਾ ਹੋਵੇ ਉਹ ਦਹੀਂ ਵਿਚ ਛੁਹਾਰਾ, ਕਿਸਮਿਸ, ਬਦਾਮ ਗਿਰੀ, ਪਿਸ਼ਤਾ, ਚਿਰੌਂਜੀ ਮਿਲਾ ਕੇ ਲਗਾਤਾਰ ਪੀਵੇ ਛੇਤੀ ਹੀ ਵਜ਼ਨ ਵਧ ਜਾਵੇਗਾ।

***ਜ਼ਰੂਰੀ ਨੋਟ*** - 1. ਦਹੀਂ ਅਤੇ ਮੂਲ਼ੀ ਆਯੁਰਵੇਦ ਅਨੁਸਾਰ ਰਾਤ ਨੂੰ ਖਾਣੀ ਹਾਨੀਕਾਰਕ ਹੈ।

2. ਜੋ ਦੁੱਧ ਜੰਮ ਕੇ ਗਾੜ੍ਹਾ ਹੋ ਗਿਆ ਹੋਵੇ ਜਿਸ ਵਿਚ ਕੋਈ ਖੱਟਾ, ਮਿੱਠਾ ਸੁਆਦ ਨਾ ਹੋਵੇ ਇਸ ਨੂੰ ਮੰਦ ਦਹੀਂ ਕਹਿੰਦੇ ਹਨ। ਇਸ ਦੀ ਵਰਤੋਂ ਸਿਹਤ ਲਈ ਠੀਕ ਨਹੀਂ।

3. ਜਿਹੜਾ ਦੁੱਧ ਜੰਮ ਕੇ ਗਾੜ੍ਹਾ ਹੋ ਗਿਆ ਹੋਵੇ ਅਤੇ ਖਟਾਸ ਤੇ ਮਿਠਾਸ ਹੋਵੇ ਉਸ ਨੂੰ ਸ਼ੁੱਧ ਦਹੀਂ ਕਹਿੰਦੇ ਹਨ ਇਹ ਸੁਆਦ ਦਹੀਂ ਤਾਕਤ ਦੇਣ ਵਾਲੀ, ਵਾਯੂ ਨਾਸ਼ਕ, ਪੱਚਣ ਵਿਚ ਹਲਕੀ, ਦਹੀਂ ਖਟਾਸ ਤੇ ਮਿਠਾਸ ਦੋਨੋਂ ਰਸ ਵਾਲੀ ਹੋਣੀ ਚਾਹੀਦੀ ਹੈ। ਇਹ ਸਿਹਤ ਲਈ ਲਾਭਕਾਰੀ ਹੈ।

4. ਜਿਹੜੀ ਦਹੀਂ ਵਿਚ ਮਿਠਾਸ ਖਤਮ ਹੋ ਕੇ ਖੱਟਾ ਹੋ ਗਿਆ ਹੋਵੇ ਉਸ ਦਹੀਂ ਨੂੰ ਖੱਟੀ ਦਹੀਂ ਕਹਿੰਦੇ ਹਨ। ਇਸ ਨਾਲ ਬਲਗਮ, ਰੇਸ਼ਾ ਅਤੇ ਖ਼ੂਨ ਦੇ ਰੋਗ ਪੈਦਾ ਹੁੰਦੇ ਹਨ।

5. ਜਿਸ ਨੂੰ ਵਾਯੂ ਦੇ ਦਰਦ ਜਾਂ ਰੇਸ਼ਾ, ਬਲਗਮ ਹੋਵੇ ਉਹ ਦਹੀਂ ਜਾਂ ਲੱਸੀ ਵਿਚ ਸੁੰਢ, ਕਾਲ਼ੀ ਮਿਰਚ ਤੇ ਪਾਕਿਸਤਾਨੀ ਲੂਣ (ਸੇਧਾ ਲੂਣ) ਮਿਲਾ ਕੇ ਇਸ ਦੀ ਵਰਤੋਂ ਕਰੇ।

# ਰਹਿਤ ਮਰਿਆਦਾ

## ਮਿਰਤਕ ਸੰਸਕਾਰ

(ੳ) ਪ੍ਰਾਣੀ ਨੂੰ ਮਰਨ ਵੇਲੇ – ਜੇ ਮੰਜੇ ’ਤੇ ਹੋਵੇ ਤਾਂ – ਹੇਠ ਨਹੀਂ ਉਤਾਰਨਾ, ਦੀਵਾ-ਵੱਟੀ, ਗਊ ਮਨਸਾਉਣਾ ਜਾਂ ਹੋਰ ਕੋਈ ਮਨਮਤ ਸੰਸਕਾਰ ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ ‘ਵਾਹਿਗੁਰੂ’ ‘ਵਾਹਿਗੁਰੂ’ ਕਰਨਾ।

(ਅ) ਪ੍ਰਾਣੀ ਦੇ ਦੇਹ ਤਿਆਗਣ ’ਤੇ ਧਾਹ ਨਹੀਂ ਮਾਰਨੀ, ਪਿੱਟਣਾ ਜਾਂ ਸਿਆਪਾ ਨਹੀਂ ਕਰਨਾ, ਮਨ ਨੂੰ ਵਾਹਿਗੁਰੂ ਦੀ ਰਜ਼ਾ ਵਿਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ ਵਾਹਿਗੁਰੂ ਦਾ ਜਾਪ ਕਰੀ ਜਾਣਾ ਚੰਗਾ ਹੈ।

(ੲ) ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ, ਸੋ ਭੀ ਸਸਕਾਰਨਾ ਚਾਹੀਏ। ਜਿਥੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ ਉਥੇ ਜਲ ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ।

(ਸ) ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ।

(ਹ) ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸੁਅੱਛ ਬਸਤ੍ਰ ਪਾਏ ਜਾਣ ਤੇ ਕਕਾਰ ਜੁਦਾ ਨ ਕੀਤੇ ਜਾਣ। ਫਿਰ ਤਖਤੇ ਉਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ। ਨਾਲ ਵੈਰਾਗਮਈ ਸ਼ਬਦਾਂ ਦਾ ਉਚਾਰਨ ਕੀਤਾ ਜਾਵੇ। ਸਸਕਾਰ ਦੀ ਥਾਂ ’ਤੇ ਪਹੁੰਚ ਕੇ ਚਿਖਾ ਰਚੀ ਜਾਵੇ। ਫਿਰ ਸਰੀਰ ਨੂੰ ਅਗਨੀ ਭੇਟਾ ਕਰਨ ਲਈ ਅਰਦਾਸਾ ਸੋਧਿਆ ਜਾਵੇ। ਫਿਰ ਪ੍ਰਾਣੀ ਨੂੰ ਅੰਗੀਠੇ ਉਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁਝ ਵਿਥ ’ਤੇ ਬਹਿ ਕੇ ਕੀਰਤਨ ਕਰੇ ਜਾਂ ਵੈਰਾਗਮਈ ਸ਼ਬਦ ਪੜ੍ਹੇ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ ਤਾਂ (ਕਪਾਲਿ ਕਿਰਿਆ ਆਦਿ ਕਰਨਾ ਮਨਮਤ ਹੈ), ਕੀਰਤਨ ਸੋਹਿਲੇ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਸੰਗਤ ਮੁੜ ਆਵੇ। ਘਰ ਆ ਕੇ ਜਾਂ ਲਾਗੇ ਦੇ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ ਤੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸਾ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸੰਬੰਧੀਆਂ ਦੇ ਸੌਖ ਨੂੰ ਮੁੱਖ ਰੱਖ ਕੇ ਨਿਯਤ ਕੀਤਾ ਜਾਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸੰਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। ‘ਦੁਸਿਹਰੇ’ ਦੇ ਪਿੱਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ।

(ਕ) ਮ੍ਰਿਤਕ ਪ੍ਰਾਣੀ ਦਾ ‘ਅੰਗੀਠਾ’ ਠੰਡਾ ਹੋਣ ’ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ, ਜਾਂ ਉਥੇ ਹੀ ਦੱਬ ਕੇ ਜਿਮੀਂ ਬਰਾਬਰ ਕਰ ਦਿੱਤੀ ਜਾਵੇ। ਸਸਕਾਰ ਅਸਥਾਨ ’ਤੇ ਮ੍ਰਿਤਕ ਪ੍ਰਾਣੀ ਦਾ ਯਾਦਗਾਰ ਬਣਾਉਣੀ ਮਨ੍ਹਾਂ ਹੈ।

(ਖ) ਅਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਸਰਾਧ, ਬੁਢਾ ਮਰਨਾ ਆਦਿ ਕਰਨਾ ਮਨਮਤ ਹੈ। ਅੰਗੀਠੇ ਵਿਚੋਂ ਫੁੱਲ ਚੁੱਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਣੇ ਮਨਮਤ ਹੈ।

# ਕੱਪੜੇ ਪ੍ਰੈੱਸ ਕਰਨੇ

1. ਕਢਾਈ ਵਾਲੇ ਕੱਪੜਿਆਂ ਨੂੰ ਪੁੱਠਾ ਕਰਕੇ ਪ੍ਰੈੱਸ ਕਰੋ, ਕਢਾਈ ਖਰਾਬ ਨਹੀਂ ਹੁੰਦੀ।
2. ਮੁੜਿਆ ਹੋਇਆ ਕਾਗਜ਼ ਜਾਂ ਨੋਟ ਨੂੰ ਥੋੜ੍ਹਾ ਪਾਣੀ ਮਾਰ ਕੇ ਪ੍ਰੈੱਸ ਕਰੋ ਨਵੇਂ ਲੱਗਣ ਲੱਗ ਜਾਂਦੇ ਹਨ।
3. ਜੇ ਬਿਜਲੀ ਚਲੇ ਜਾਵੇ ਤਾਂ ਪ੍ਰੈੱਸ ਨੂੰ ਗੈਸ ’ਤੇ ਗਰਮ ਕਰਕੇ ਪ੍ਰੈੱਸ ਕਰ ਸਕਦੇ ਹੋ।
4. ਜੇ ਪ੍ਰੈੱਸ ਦੇ ਥੱਲੇ ਵਾਲੇ ਪਾਸੇ ਕੋਈ ਦਾਗ ਪੈ ਜਾਵੇ ਤਾਂ ਬੇਕਿੰਗ ਸੋਢਾ ਗਿੱਲਾ ਕਰਕੇ ਕਿਸੇ ਕੱਪੜੇ ਨਾਲ ਸਾਫ਼ ਕਰੋ।
5. ਭਾਫ ਵਾਲੀ ਪ੍ਰੈੱਸ ਵਿਚ 2-3 ਬੂੰਦਾਂ ਸੈਂਟ ਦੀਆਂ ਪਾ ਦਿਓ, ਕੱਪੜਿਆਂ ਵਿਚ ਖੁਸ਼ਬੋ ਆਵੇਗੀ।
6. ਬਟਨ ਵਾਲੇ ਕੱਪੜਿਆਂ ਨੂੰ ਬਟਨਾਂ ’ਤੇ ਹਲਕਾ ਗਿੱਲਾ ਕੱਪੜਾ ਰੱਖ ਕੇ ਪ੍ਰੈੱਸ ਕਰੋ, ਬਟਨ ਖ਼ਾਬ ਨਹੀਂ ਹੋਣਗੇ।
7. ਜੇ ਪ੍ਰੈੱਸ ਦੇ ਥੱਲੇ ਕੋਈ ਦਾਗ ਪੈ ਜਾਵੇ ਨਿੰਬੂ ਤੇ ਲੂਣ ਮਿਲਾ ਕੇ ਥੋੜ੍ਹੀ ਜਿਹੀ ਪ੍ਰੈੱਸ ਗਰਮ ਕਰੋ ਤੇ ਕਿਸੇ ਟਾਕੀ ਨਾਲ ਸਾਫ਼ ਕਰੋ।

**ਵਿਚਾਰ -**

ਦਇਆ ਧਰਮ ਦਾ ਲੱਛਣ ਹੈ, ਜਿਸ ’ਚ ਦਇਆ ਨਹੀਂ,
ਉਸ ’ਚ ਧਰਮ ਨਹੀਂ। (ਹਜ਼ਰਤ ਮੁਹੰਮਦ)

ਕਹਾਣੀ

# ਏਕ ਜੋਤਿ ਦੁਇ ਮੂਰਤੀ

ਪਰਮਪਾਲ ਸਿੰਘ ਸੋਢੀ

ਕਹਿੰਦੇ ਨੇ ਕਿ ਜਿਨ੍ਹਾਂ ਦੇ ਦੋਹਾਂ ਜਿਸਮਾਂ ਵਿੱਚ ਇੱਕੋ ਆਤਮਾ ਹੋ ਜਾਵੇ ਉਹ ਹੈ ਪਤਨੀ ਤੇ ਉਹ ਹੈ ਪਤੀ ਅਤੇ ਜੋ ਸਿਰਫ਼ ਸਰੀਰਕ ਤੌਰ 'ਤੇ ਇਕੱਠੇ ਹੋਣ ਉਨ੍ਹਾਂ ਨੂੰ ਪਤੀ-ਪਤਨੀ ਨਹੀਂ ਆਖਿਆ ਜਾ ਸਕਦਾ।

ਐਸਾ ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ। ਐਸਾ ਘੱਟ ਹੀ ਹੁੰਦਾ ਹੈ ਕਿ ਦੋ ਪਤੀ ਤੇ ਪਤਨੀ ਐਸੇ ਹੋਵਣ ਜੋ ਬਣੇ ਹੀ ਇੱਕ ਦੂਸਰੇ ਲਈ ਹੋਣ - ਜਿਨ੍ਹਾਂ ਦੇ ਦਿਲ ਇੱਕ ਦੂਸਰੇ ਲਈ ਧੜਕਦੇ ਹੋਣ ਅਤੇ ਜੋ ਇੱਕ ਦੂਸਰੇ ਦੀ ਦਿਲ ਦੀ ਇਬਾਰਤ ਬਿਨਾਂ ਬੋਲਿਆਂ ਹੀ ਪੜ੍ਹ ਲੈਂਦੇ ਹੋਣ। ਔਰਤ ਤੇ ਮਰਦ, ਪਰਮਾਤਮਾ ਨੇ ਬਣਾਏ ਹੀ ਅਲੱਗ ਹਨ ਉਹ ਕਿਵੇਂ ਕਿਸੇ ਦੀ ਕਾਰਬਨ ਕਾਪੀ ਹੋ ਸਕਦੇ ਹਨ। ਦੋ ਜੁੜਵੇਂ ਭੈਣ-ਭਰਾ ਵੀ ਕਦੇ ਐਸੇ ਨਹੀਂ ਹੁੰਦੇ। ਦੋਨੋਂ ਵੱਖੋ-ਵੱਖਰੇ ਪਰਿਵਾਰਾਂ ਤੋਂ ਆਉਂਦੇ ਹਨ ਜਿਨ੍ਹਾਂ ਦੀ ਰਹਿਣੀ-ਬਹਿਣੀ, ਪਿਛੋਕੜ, ਕਦਰਾਂ-ਕੀਮਤਾਂ, ਸਮਾਜਿਕ ਤੇ ਆਰਥਿਕ ਹਾਲਾਤ ਅਲੱਗ-ਅਲੱਗ ਹੁੰਦੇ ਹਨ, ਫਿਰ ਦੋ ਜੀਅ ਕਿਸ ਤਰ੍ਹਾਂ ਇੱਕ ਹੋ ਸਕਦੇ ਹਨ ਜੋ ਸੋਚਦੇ ਵੀ ਇਕੋ ਜਿਹਾ ਹੋਣ ਤੇ ਕਰਦੇ ਵੀ ਇਕੋ ਜਿਹਾ ਹੋਣ। ਫਿਰ ਦੋ ਮੂਰਤੀਆਂ 'ਚ ਇੱਕ ਜੋਤਿ ਕਿਵੇਂ ਹੋ ਸਕਦੀ ਹੈ, ਇਹ ਸੋਚ ਕੇ ਮੈਨੂੰ ਅੱਜ ਵੀ ਹੈਰਾਨੀ ਹੁੰਦੀ ਹੈ।

ਮਾਂ ਧਰਤੀ ਹੁੰਦੀ ਹੈ ਅਤੇ ਪਿਤਾ ਆਕਾਸ਼। ਜਿਸ ਤਰ੍ਹਾਂ ਧਰਤੀ ਅਤੇ ਆਕਾਸ਼ ਬਿਨਾਂ ਬ੍ਰਹਿਮੰਡ ਸੰਭਵ ਨਹੀਂ ਉਸੇ ਤਰ੍ਹਾਂ ਇੱਕ ਪਰਿਵਾਰ ਵੀ ਮਾਂ ਤੇ ਪਿਤਾ ਬਿਨਾਂ ਨਹੀਂ ਹੋ ਸਕਦਾ। ਛੋਟੀ ਉਮਰੇ, ਆਪਣੇ ਮਾਂ-ਬਾਪ ਹੀ ਪੂਰੀ ਕਾਇਨਾਤ ਲਗਦੇ ਹਨ। ਲਗਦਾ ਹੈ ਜੇ ਕਿਤੇ ਰੱਬ ਹੈ ਤਾਂ ਉਹ ਹੋਰ ਕਿਤੇ ਨਹੀਂ, ਮਾਤਾ-ਪਿਤਾ ਦੇ ਚਰਨਾਂ ਵਿੱਚ ਹੀ ਹੈ। ਘਰ ਕਿੰਨਾ ਵੀ ਛੋਟਾ ਕਿਉਂ ਨਾ ਹੋਵੇ, ਮਾਤਾ-ਪਿਤਾ ਦੀ ਬੁੱਕਲ ਹੀ ਐਨੀ ਵੱਡੀ ਹੁੰਦੀ ਹੈ ਕਿ ਜਿਸ ਵਿੱਚ ਸਾਰਾ ਪਰਿਵਾਰ ਸਮ੍ਹਾ ਜਾਂਦਾ ਹੈ। ਮਾਤਾ ਦੀ ਗੋਦ ਅਤੇ ਪਿਤਾ ਦਾ ਸਿਰ 'ਤੇ ਹੱਥ - ਬਸ ਸਾਰੀ ਜੰਨਤ ਹੀ ਇਸ ਵਿੱਚ ਲਗਦੀ ਹੈ।

ਪਿਤਾ ਆਪਣੇ ਆਪ ਵਿੱਚ ਇੱਕ ਸੰਪੂਰਨ ਸ਼ਬਦ ਹੈ। ਇਹ ਇੱਕ ਅਮਿੱਟ ਰਿਸ਼ਤਾ ਹੈ ਜਿਸ ਰਿਸ਼ਤੇ 'ਚ ਕੋਈ ਸੁਆਰਥ ਨਹੀਂ। ਇਹ ਸਿਰਫ਼ ਅਤੇ ਸਿਰਫ਼ ਪਿਆਰ ਦਾ ਰਿਸ਼ਤਾ ਹੈ ਇਹ ਅਪਣੱਤ ਭਰਿਆ, ਚਾਵਾਂ-ਉਲਾਰਾਂ ਅਤੇ ਉਮੰਗਾਂ ਭਰਿਆ ਰਿਸ਼ਤਾ ਹੈ, ਜਿਸ ਵਿੱਚ ਬੱਚੇ ਚਾਂਬ੍ਹਲਦੇ ਤੇ ਮੱਛਰਦੇ ਵੀ ਨੇ, ਕਦੇ-ਕਦੇ ਚਾਹੇ ਝਿੜਕਾਂ ਤੇ ਮਾਰ ਵੀ ਖਾਂਦੇ ਨੇ ਪਰ ਅੰਤਾਂ ਦਾ ਪਿਆਰ ਤੇ ਦੁਲਾਰ ਵੀ ਪਾਉਂਦੇ ਅਤੇ ਅਸੀਸਾਂ ਵੀ ਪ੍ਰਾਪਤ ਕਰਦੇ ਨੇ। ਮਾਤਾ-ਪਿਤਾ ਦੇ ਹੁੰਦਿਆਂ ਜੋ ਬੇਫ਼ਿਕਰੀ ਹੈ ਉਹ ਦੁਨੀਆ ਦੇ ਹੋਰ ਕਿਸੇ ਰਿਸ਼ਤੇ ਵਿੱਚ ਨਹੀਂ।

ਉਂਝ ਕਹਿਣ ਨੂੰ ਤਾਂ ਸਾਡੇ ਦਾਦਾ ਜੀ ਨੂੰ 'ਰਈਸ' ਕਹਿੰਦੇ ਸਨ ਤੇ ਉਨ੍ਹਾਂ ਕੋਲ ਪਿੰਡ ਵੰਗਲ ਅਤੇ ਸੀਰਵਾਲੀ ਵਿੱਚ ਬਹੁਤ ਜ਼ਮੀਨ ਸੀ। ਅੰਗਰੇਜ਼ ਰਾਜ-ਦਰਬਾਰ ਵਿੱਚ ਉਨ੍ਹਾਂ ਦਾ ਕਾਫ਼ੀ ਅਸਰ-ਰਸੂਖ ਸੀ ਪਰ ਘਰ ਦੀ ਮਾਇਕ ਹਾਲਤ ਠੀਕ ਨਹੀਂ ਸੀ। ਉਹਨਾਂ ਦੇ ਪਿਤਾ 31 ਵਰ੍ਹਿਆਂ ਦੀ ਛੋਟੀ ਉਮਰੇ ਹੀ ਗੁਜ਼ਰ ਗਏ ਜਦੋਂ ਕਿ ਸਾਡੇ ਦਾਦਾ ਜੀ ਸਿਰਫ਼ 12 ਵਰ੍ਹਿਆਂ ਦੇ ਹੀ ਸਨ। ਉਨ੍ਹਾਂ ਕੋਲ ਉਸ ਸਮੇਂ ਕੋਈ 700 ਘੁੰਮਾਂ ਜ਼ਮੀਨ ਸੀ, ਪਰ ਲਗਾਤਾਰ ਸਾਲੋਂ-ਸਾਲ ਪਏ ਸੋਕੇ ਕਰਕੇ ਅਤੇ ਪਸ਼ੂਆਂ ਦੇ ਉਤੋੜੁਤੀ ਮਰਨ ਕਰਕੇ ਅਤੇ ਆਪਣੀ ਸਿਹਤ ਵੀ ਠੀਕ ਨਾ ਰਹਿਣ ਕਰਕੇ ਘਰ ਵਿੱਚ ਤੰਗੀ ਦਾ ਆਲਮ ਸੀ। ਕੁੱਝ ਕਾਰਨਾਂ ਕਰਕੇ ਪਹਿਲਾਂ ਮੇਰੇ ਦਾਦਾ ਜੀ ਨੂੰ ਜ਼ਮੀਨ ਤੋਂ ਬੇਦਖ਼ਲ ਵੀ ਕਰ ਦਿੱਤਾ ਗਿਆ ਸੀ ਪਰ ਫਿਰ ਕੁੱਝ ਰਿਸ਼ਤੇਦਾਰ ਤੇ ਮੋਹਤਬਰ ਲੋਕਾਂ ਨੇ ਵਿੱਚ ਪੈ ਕੇ ਵੰਗਲ ਤੇ ਸੀਰਵਾਲੀ ਦੀ ਪੈਲੀ ਇਨ੍ਹਾਂ ਨੂੰ ਦਵਾ ਦਿੱਤੀ। ਇਹ ਹਠਾੜ ਦਾ ਮਾਰੂਥਲ ਦਾ ਇਲਾਕਾ ਸੀ। ਸਾਰੀ ਖੇਤੀ ਮੀਂਹ 'ਤੇ ਹੀ ਨਿਰਭਰ ਸੀ। ਮੀਂਹ ਪੈ ਗਿਆ ਤਾਂ ਦਾਣੇ ਹੋ ਗਏ ਨਹੀਂ ਤਾਂ ਬੀਜ ਪਾਇਆ ਵੀ ਗਿਆ ਤੇ ਮਿਹਨਤ ਮਜ਼ਦੂਰੀ ਵੀ। ਪਿੰਡ ਵਿੱਚ ਸਭ ਤੋਂ ਵੱਡਾ ਘਰ ਸਾਡਾ ਹੀ ਸੀ ਤੇ ਇਥੇ ਲੋਕਾਂ ਦਾ ਆਉਣਾ ਜਾਣਾ ਲਗਿਆ ਹੀ ਰਹਿੰਦਾ ਸੀ। ਫਿਰ ਗੁਰੂ ਰਾਮਦਾਸ ਜੀ ਦੀ ਪੰਦਰ੍ਹਵੀਂ ਪੀੜ੍ਹੀ 'ਚੋਂ ਹੋਣ ਕਰਕੇ ਲੋਕ ਇਨ੍ਹਾਂ ਨੂੰ 'ਗੁਰਾਂ ਕੇ' ਕਹਿ ਕੇ ਸਤਿਕਾਰ ਕਰਦੇ ਸਨ। ਖੁਲ੍ਹੀ ਤਬੀਅਤ ਕਰਕੇ ਖਰਚਾ ਜ਼ਿਆਦਾ ਤੇ ਆਮਦਨ ਘੱਟ ਹੋਣ ਕਰਕੇ 500 ਘੁੰਮਾਂ ਜ਼ਮੀਨ ਦਾਦਾ ਜੀ ਨੂੰ ਆਪਣੇ ਗੁਰੂ ਹਰਿ ਸਹਾਏ ਰਹਿੰਦੇ ਦੂਰ-ਨੇੜੇ ਦੇ ਰਿਸ਼ਤੇਦਾਰਾਂ ਨੂੰ ਦੇਣੀ ਪਈ ਕਿ ਉਹ ਮਾਮਲਾ ਦਿੰਦੇ ਰਹਿਣ ਤੇ ਬਾਅਦ ਵਿੱਚ ਹਾਲਾਤ ਸੁਧਰਦੇ ਹੀ ਉਹ ਇਸਨੂੰ ਵਾਪਿਸ ਲੈ ਲੈਣਗੇ। 13-14 ਸਾਲ ਹਾਲਾਤ ਬਹੁਤੇ ਸੁਧਰੇ ਨਾ, ਇੰਨੇ ਨੂੰ ਗੁਰੂ ਹਰਿ ਸਹਾਏ ਦੇ ਸਰਦਾਰਾਂ ਨੇ 12 ਗਰਦਾਉਰੀਆਂ ਲਗਾਤਾਰ ਆਪਣੇ ਨਾ ਕਰਵਾ ਕੇ ਜ਼ਮੀਨ 'ਤੇ ਕਬਜ਼ਾ ਕਰ ਲਿਆ। ਦਾਦਾ ਜੀ ਲੰਮਾ ਸਮਾਂ ਬਿਮਾਰ ਰਹਿਣ ਕਰਕੇ 42 ਸਾਲ ਦੀ ਛੋਟੀ ਉਮਰੇ ਹੀ ਚੱਲ ਵਸੇ। ਉਸ ਸਮੇਂ ਮੇਰੇ ਪਾਪਾ ਦੀ ਉਮਰ ਸਿਰਫ਼ 8 ਵਰ੍ਹੇ ਹੀ ਸੀ। ਰਹਿੰਦੀ 200 ਘੁੰਮਾਂ ਜ਼ਮੀਨ ਨੂੰ ਸਾਡੀ ਦਾਦੀ ਨੇ ਆਪਣੀ ਦੂਰ-ਅੰਦੇਸ਼ੀ ਅਤੇ ਸਿਆਣਪ ਤੇ ਹੌਂਸਲੇ ਨਾਲ ਸੰਭਾਲਿਆ। ਸਮਾਂ ਪਾਉਣ ਤੇ ਮੁਜ਼ਾਹਰੇ ਵੀ ਬਾਗੀ ਹੋਣ ਲੱਗ ਪਏ ਅਤੇ ਗਾਹੇ-ਬਗਾਹੇ ਆਪਣੀ ਜ਼ਮੀਨ ਵਾਹੁੰਦਿਆਂ ਇੱਕ ਦੋ ਓਰੇ ਸਾਡੀ ਜ਼ਮੀਨ ਵਿਚ ਦੀ ਕੱਢ ਲੈਂਦੇ ਅਤੇ ਵੱਟ ਬਦਲ ਕੇ ਆਪਣੇ ਖੇਤ 'ਚ ਮਿਲਾ ਲੈਂਦੇ। ਇੱਕ ਵਾਰ ਸਾਡੇ ਤਾਇਆ ਜੀ ਨੇ ਪਟਵਾਰੀ ਤੋਂ ਮਿਣਤੀ ਕਰਵਾਈ ਤਾਂ ਕਿੰਨੀ ਹੀ ਜ਼ਮੀਨ ਸਾਡੀ ਨਿਕਲੀ ਜਿਸ ਦਾ ਕਬਜ਼ਾ ਲੈਂਦਿਆਂ ਸਾਡੇ ਤਾਇਆ ਜੀ ਹੱਥੋਂ ਗੋਲੀ ਵੀ ਚੱਲ ਗਈ ਤੇ ਇੱਕ ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ ਜੋ ਕਿ ਆਪਣੇ ਪਤੀ ਨੂੰ ਬਚਾਉਣ ਖ਼ਾਤਰ ਅੱਗੇ ਆ ਗਈ। ਖ਼ੈਰ ਕੁੱਝ ਮੋਹਤਬਰ ਬੰਦਿਆਂ ਨੇ ਵਿੱਚ ਪੈ ਕੇ ਰਾਜ਼ੀਨਾਮਾ ਕਰਵਾ ਦਿੱਤਾ ਤੇ ਕੇਸ ਰਫ਼ਾ-ਦਫ਼ਾ ਹੋ ਗਿਆ। ਮੈਂ ਉਹਨਾਂ ਦਿਨਾਂ ਵਿੱਚ ਆਪਣੇ ਪਿੰਡ 'ਚ ਹੀ ਰਹਿੰਦਾ ਸਾਂ। ਮੇਰੇ ਪਾਪਾ ਜੀ ਨੂੰ ਫ਼ੌਜ ਦੀ ਨੌਕਰੀ ਛੱਡ ਕੇ ਫਰੀਦਕੋਟ ਸਕੂਲ 'ਚ ਆਕੇ ਇੱਕ ਅਧਿਆਪਕ ਦੀ ਨੌਕਰੀ ਕਰਨੀ ਪਈ। ਤਨਖ਼ਾਹ ਬੜੀ

ਥੋੜ੍ਹੀ ਸੀ ਤੇ ਜ਼ਮੀਨ ਤੋਂ ਆਮਦਨ ਨਾਲ ਮਸਾਂ ਖਰਚ ਹੀ ਪੂਰਾ ਹੁੰਦਾ ਸੀ। ਮੇਰੇ ਪਾਪਾ ਹਫ਼ਤੇ ਦੋ ਹਫ਼ਤੇ ਬਾਅਦ ਪਿੰਡ ਗੇੜਾ ਮਾਰ ਜਾਂਦੇ ਸਨ ਤੇ ਪਿੰਡ ਦੇ ਲੋਕ ਵੀ ਗਾਹੇ-ਬਗਾਹੇ ਸਾਡੇ ਫਰੀਦਕੋਟ ਵਾਲੇ ਘਰ ਆਉਂਦੇ ਜਾਂਦੇ ਹੀ ਰਹਿੰਦੇ ਸਨ। ਮੇਰੀ ਮਾਂ ਨੇ ਕਦੀ ਕਿਸੇ ਨੂੰ ਰੋਟੀ ਚਾਹ ਪਿਆਏ ਬਿਨਾਂ ਨਹੀਂ ਮੋੜਿਆ। ਮੈਨੂੰ ਪਿੰਡ ਦੇ ਸਕੂਲ ਵਿੱਚ ਹੀ ਪੜ੍ਹਨੇ ਪਾਇਆ ਗਿਆ। ਖ਼ੂਬ ਲਡੂ ਤੇ ਗੁੜ ਵੰਡਿਆ ਗਿਆ ਪਰ ਮੈਂ ਜ਼ਿਆਦਾ ਦਿਨ ਇਸ ਸਕੂਲ ਵਿੱਚ ਪੜ੍ਹ ਨਾ ਸਕਿਆ ਅਤੇ ਮੇਰੇ ਪਾਪਾ ਮੈਨੂੰ ਫਰੀਦਕੋਟ ਲੈ ਗਏ ਅਤੇ ਉਥੇ ਬਲਬੀਰ ਪ੍ਰਾਇਮਰੀ ਸਕੂਲ ਵਿੱਚ ਪਾ ਦਿੱਤਾ। ਮੇਰੀ ਅਧਿਆਪਕ ਨਸੀਬ ਕੌਰ ਜੀ ਸਨ ਜਿਨ੍ਹਾਂ ਨੂੰ ਇੱਕ ਅੱਖ ਤੋਂ ਠੀਕ ਦਿਖਾਈ ਨਹੀਂ ਦਿੰਦਾ ਸੀ ਪਰ ਬੜੇ ਹੀ ਮਿਹਨਤੀ ਅਤੇ ਪੁੱਤਰਾਂ ਵਾਂਗੂੰ ਪਿਆਰ ਕਰਨ ਵਾਲੇ ਸਨ। ਉਨ੍ਹਾਂ ਨੇ ਬੜੀ ਸ਼ਿਦਤ ਨਾਲ ਮੈਨੂੰ ਪੜ੍ਹਾਇਆ। ਇੱਕ ਵਾਰ ਮੇਰਾ ਕਾਇਦਾ ਗੁੰਮ ਗਿਆ ਜੋ ਸਾਡੇ ਸਕੂਲ ਦੇ ਇੱਕ ਅਧਿਆਪਕ ਨੇ ਕਿਸੇ ਹੋਰ ਬੱਚੇ ਦੇ ਬਸਤੇ 'ਚੋਂ ਚੋਰੀ ਕਰਕੇ ਮੈਨੂੰ ਦੇ ਦਿੱਤਾ ਕਿਉਂਕਿ ਮੇਰੇ ਪਾਪਾ ਹਾਈ ਸਕੂਲ ਵਿੱਚ ਅਧਿਆਪਕ ਸਨ ਅਤੇ ਸ਼ਹਿਰ ਵਿੱਚ ਉਨ੍ਹਾਂ ਦਾ ਬੜਾ ਨਾਮ ਸੀ। ਉਹ ਸਕੂਲ ਵਿੱਚ ਐਨ.ਸੀ.ਸੀ. ਦੇ ਵੀ ਇੰਚਾਰਜ ਸਨ। ਬਾਅਦ ਵਿੱਚ ਜਦੋਂ ਪਤਾ ਲਗਿਆ ਤਾਂ ਬੜੀ ਨਮੋਸ਼ੀ ਸਹਿਣੀ ਪਈ। ਮੇਰੇ ਪਾਪਾ ਉਸ ਅਧਿਆਪਕ ਨਾਲ ਆ ਕੇ ਬੜੇ ਲੜੇ ਅਤੇ ਕਾਇਦਾ ਉਸ ਬੱਚੇ ਨੂੰ ਵਾਪਸ ਕਰ ਦਿੱਤਾ।

ਘਰ ਵਿੱਚ ਮੇਰੇ ਮੰਮੀ ਘਰ ਦੇ ਕੰਮ-ਕਾਰ ਵਿੱਚ ਹੀ ਸਦਾ ਲੱਗੇ ਰਹਿੰਦੇ ਸਨ। ਘਰ ਵਿੱਚ ਇੱਕ ਮੱਝ ਤੇ ਇੱਕ ਗਾਂ ਰੱਖੀ ਹੋਈ ਸੀ। ਉਸਦੀ ਸਾਰੀ ਸਾਂਭ-ਸੰਭਾਲ ਮੇਰੇ ਮੰਮੀ ਹੀ ਕਰਦੇ ਸਨ। ਮੇਰੇ ਪਾਪਾ ਬਜ਼ਾਰ ਆਦਿਕ ਬਾਹਰ ਦਾ ਕੰਮ ਦੇਖਦੇ ਸਨ। ਘਰ ਵਿੱਚ ਮੰਮੀ ਨਾਲ ਆਕੇ ਸਬਜ਼ੀ ਵਗੈਰਾ ਕਟਵਾ ਦਿੰਦੇ ਸਨ ਅਤੇ ਬਣਵਾ ਦਿੰਦੇ ਸਨ। ਸਾਡੇ ਘਰ ਵਿੱਚ ਸਭ ਦੇ ਇਕੱਠੇ ਬੈਠ ਕੇ ਹੀ ਰੋਟੀ ਖਾਣ ਦਾ ਰਿਵਾਜ਼ ਸੀ। ਸਾਡੇ ਪਾਪਾ ਜੀ ਦੀ ਤਨਖ਼ਾਹ ਭਾਵੇਂ ਬਹੁਤੀ ਨਹੀਂ ਸੀ ਅਤੇ ਪਿੰਡ ਦੀ ਜ਼ਮੀਨ ਤੋਂ ਵੀ ਬਹੁਤੀ ਆਮਦਨ ਨਹੀਂ ਸੀ, ਸਗੋਂ ਖਰਚੇ ਵਾਸਤੇ ਪੈਸੇ ਭੇਜਣੇ ਪੈਂਦੇ ਸਨ ਪਰ ਸਾਡੇ ਪਾਪਾ ਨੇ ਘਰ ਵਿੱਚ ਕਦੇ ਕੋਈ ਕਮੀ ਨਾ ਆਉਣ ਦਿੱਤੀ। ਬਾਲਟੀ ਭਰ ਅੰਬ ਅਤੇ ਹੋਰ ਫਲ ਆਣੇ ਜੋ ਕੁੱਝ ਮਿੰਟਾਂ 'ਚ ਹੀ ਖਾਧੇ ਜਾਣੇ। ਘਰ ਵਿੱਚ ਖਾਣ ਵਾਲਿਆਂ ਦਾ ਮੇਲਾ ਲਗਿਆ ਰਹਿੰਦਾ। ਸਾਡੇ ਦੋਸਤ ਜੋ ਰੋਟੀ ਵੇਲੇ ਘਰ ਹੁੰਦੇ ਤਾਂ ਸਾਡੇ ਨਾਲ ਹੀ ਰੋਟੀ ਖਾ ਕੇ ਜਾਂਦੇ। ਸਾਡੇ ਮਾਤਾ-ਪਿਤਾ ਨੇ ਕਦੇ ਕੋਈ ਗਿਲਾ-ਸ਼ਿਕਵਾ ਨਹੀਂ ਕੀਤਾ, ਘਰ ਵਿੱਚ ਸਦਾ ਬਰਕਤ ਹੀ ਰਹੀ।

ਮੈਂ ਤੀਜੀ ਕਲਾਸ ਵਿੱਚ ਸਾਂ ਕਿ ਮੇਰੇ ਪਾਪਾ ਦੀ ਬਦਲੀ ਬਠਿੰਡੇ ਡੀ.ਈ.ਓ. ਦਫ਼ਤਰ ਵਿੱਚ ਹੋ ਗਈ। ਅਸੀਂ ਕਾਕਾ ਸਿੰਘ ਕੁਟੀ ਵਾਲੇ ਦੀ ਹਵੇਲੀ ਵਿੱਚ ਕਿਰਾਏ ਤੇ ਘਰ ਲੈ ਕੇ ਰਹੇ। ਘਰ ਦੇ ਬਾਹਰ ਹੀ ਅਮਰੀਕਾ ਤੋਂ ਆਏ ਸਪਰੇਟੇ ਦੁੱਧ ਦਾ ਡਿਪੂ ਸੀ। ਉਥੋਂ ਸਾਨੂੰ ਡੱਬਿਆਂ ਦੇ ਢੱਕਣ ਮਿਲ ਜਾਣੇ ਜਿਸ ਨੂੰ ਅਸੀਂ ਹੱਥ 'ਚ ਡੰਡਾ ਲੈਕੇ ਰੇੜ੍ਹਦੇ ਫਿਰਨਾ। ਸਪਰੇਟੇ ਦੁੱਧ ਦੇ ਡਿਪੂ ਦਾ ਇੰਚਾਰਜ ਕਦੇ-ਕਦੇ ਸਾਨੂੰ ਸਪਰੇਟਾ ਦੁੱਧ ਖਾਣ ਨੂੰ ਦੇ ਦਿੰਦਾ। ਕਦੇ ਕਦੇ ਅਸੀਂ ਜਾ ਕੇ ਮੰਗ ਵੀ ਲੈਂਦੇ ਉਸ ਕਦੇ ਮਨਾ ਨਹੀਂ ਸੀ ਕੀਤਾ। ਇਥੇ ਹੀ ਮੈਂ ਇੱਕ ਪ੍ਰਾਈਵੇਟ ਸਕੂਲ ਵਿੱਚ ਤੀਸਰੀ ਜਮਾਤ 'ਚ ਪੜ੍ਹਨੇ ਪਿਆ। ਇਨ੍ਹਾਂ ਹੀ ਦਿਨਾਂ ਵਿੱਚ ਮੇਰੇ ਪਾਪਾ ਨੇ ਏ.ਡੀ.ਆਈ. ਆਫ਼ੀਸ਼ੀਏਟ ਕੀਤਾ ਅਤੇ ਸਾਰੇ ਜ਼ਿਲ੍ਹੇ ਦੇ ਮੁਲਾਜ਼ਮਾਂ ਦੇ ਤਬਾਦਲੇ ਆਦਿਕ ਕੀਤੇ। ਲੋਕ ਘਿਉ, ਬਦਾਮ, ਚੱਦਰਾਂ, ਸ਼ਰਾਬ ਦੀਆਂ ਬੋਤਲਾਂ ਆਦਿਕ ਲੈ ਲੈ ਸਾਡੇ ਘਰ ਆਉਂਦੇ ਰਹੇ ਪਰ ਮੇਰੇ ਪਾਪਾ ਨੇ ਕਿਸੇ ਤੋਂ ਕਦੇ ਕੁੱਝ ਨਾ ਲਿਆ ਪਰ ਜਿਸ ਦਾ ਵੀ ਕਾਇਦੇ ਅਨੁਸਾਰ ਕੰਮ ਹੋ ਸਕਦਾ ਸੀ ਕੀਤਾ। ਮੇਰੇ ਪਾਪਾ ਨੇ ਇਥੇ ਚੰਗਾ ਨਾਮ ਕਮਾਇਆ। ਗਲੀ ਵਿੱਚ ਵੀ ਮੇਰੇ ਮੰਮੀ-ਪਾਪਾ ਦੀ ਬੜੀ ਇਜ਼ਤ ਸੀ। ਚਾਹ-ਪਾਣੀ ਰੋਟੀ ਦਾ ਖੁੱਲ੍ਹਾ ਲੰਗਰ ਸਾਡੇ ਘਰ ਲਗਿਆ ਹੀ ਰਹਿੰਦਾ ਸੀ। ਕਹਿੰਦੇ ਨੇ ਸਭ ਦੇ ਦਿਲ ਤੱਕ ਦਾ ਰਸਤਾ ਪੇਟ ਰਾਹੀਂ ਹੋਕੇ ਜਾਂਦਾ ਹੈ। ਇਸ ਕਰਕੇ ਆਂਢੀ-ਗੁਆਂਢੀ ਦੋਸਤ ਮਿੱਤਰਾਂ ਨਾਲ ਸਾਡੇ ਨਿੱਘੇ ਰਿਸ਼ਤੇ ਰਹੇ।

ਬਠਿੰਡੇ ਤੋਂ ਮੇਰੇ ਪਿਤਾ ਦੀ ਬਦਲੀ ਬਤੌਰ ਮੁੱਖ ਅਧਿਆਪਕ ਗੌਰਮਿੰਟ ਹਾਈ ਸਕੂਲ ਨਥਾਣਾ ਹੋ ਗਈ। ਇਥੇ ਮੇਰੇ ਪਾਪਾ ਨੇ ਸਰਦਾਰਨੀ ਦੀ ਵੱਡੀ ਸਾਰੀ ਹਵੇਲੀ ਵਿੱਚ ਪਹਿਲੀ ਮੰਜ਼ਿਲ 'ਤੇ ਘਰ ਲਿਆ। ਸਾਡੀ ਮੱਝ ਹੇਠਾਂ ਹੀ ਬੱਝੀ ਜਾਂਦੀ ਸੀ। ਇਸ ਸਕੂਲ ਵਿੱਚ ਸਾਡੇ ਡੀ.ਪੀ. ਬਹੁਤ ਮਿਹਨਤੀ ਸਨ। ਉਨ੍ਹਾਂ ਨੇ ਸਕੂਲ ਦੇ ਬਹੁਤ ਸਾਰਿਆਂ ਬੱਚਿਆਂ ਨੂੰ ਬਾਜੀਗਰਾਂ ਦੀ ਤਰ੍ਹਾਂ ਹੱਥਾਂ ਤੇ ਚੱਲਣਾ ਸਿਖਾਇਆ ਅਤੇ ਹੋਰ ਜਿਮਨਾਸਟਿਕ ਦੀ ਸਿਖਿਆ ਦਿੱਤੀ। ਮੇਰੇ ਪਾਪਾ ਨੇ ਇਥੇ ਸਕੂਲ ਵਿੱਚ ਗਰਾਊਂਡ ਤਿਆਰ ਕਰਵਾ ਕੇ ਹਾਕੀ ਦੀਆਂ ਤਿੰਨ ਟੀਮਾਂ ਬਣਾਈਆਂ - ਸੀਨੀਅਰ, ਜੂਨੀਅਰ ਤੇ ਸਬ-ਜੂਨੀਅਰ। ਬਹੁਤ ਸਾਰੇ ਬੱਚੇ ਹਾਕੀ ਖੇਡਣ ਆਉਂਦੇ ਰਹੇ। ਇੱਕ ਵਾਰੀ ਮਹਿਰਾਜ ਵਿੱਚ ਸਾਡੇ ਜ਼ਿਲ੍ਹੇ ਦਾ ਹਾਕੀ ਟੂਰਨਾਮੈਂਟ ਹੋਇਆ। ਸਾਡੇ ਸਕੂਲ ਦੀ ਟੀਮ ਫਾਈਨਲ ਵਿੱਚ ਪਹੁੰਚੀ ਤੇ ਮੁਕਾਬਲਾ ਖ਼ਾਲਸਾ ਸਕੂਲ ਬਠਿੰਡੇ ਨਾਲ ਪਿਆ। ਮੁਕਾਬਲਾ ਬੜਾ ਤਕੜਾ ਸੀ। ਅਖ਼ੀਰਲੇ 5 ਮਿੰਟ ਪਹਿਲਾਂ ਸਾਡੀ ਟੀਮ ਇੱਕ ਗੋਲ ਤੇ ਜਿੱਤ ਰਹੀ ਸੀ ਕਿ ਖ਼ਾਲਸਾ ਸਕੂਲ ਦੀ ਟੀਮ ਨੂੰ ਪਨੈਲਟੀ ਸਟਰੋਕ ਮਿਲ ਗਿਆ। ਮੇਰੇ ਪਾਪਾ ਗੋਲਕੀਪਰ ਪਾਸ ਗਏ ਅਤੇ ਕਿਹਾ ਕਿ ਸਕੂਲ ਦੀ ਇਜ਼ਤ ਤੇਰੇ ਹੱਥ ਹੈ। ਮੈਂ ਗੋਲ ਪਿੱਛੇ ਖੜ੍ਹਾ ਹਾਂ। ਤੇਰੇ ਤੇ ਹੋਇਆ ਗੋਲ ਮੇਰੇ ਤੇ ਹੋਇਆ ਗੋਲ ਹੋਵੇਗਾ। ਸਾਡੇ ਗੋਲਕੀਪਰ ਨੇ ਡਾਈਵ ਮਾਰ ਕੇ ਗੋਲ ਬਚਾ ਲਿਆ ਉਸਦੇ ਗੋਡੇ ਤੱਕ ਛਿੱਲੇ ਗਏ। ਮੇਰੇ ਪਾਪਾ ਨੇ ਉਸੇ ਵਕਤ ਉਸਨੂੰ ਸੌ ਰੁਪਏ ਇਨਾਮ ਵਜੋਂ ਦਿੱਤੇ ਜੋ ਕਿ ਉਸ ਸਮੇਂ ਬਹੁਤ ਵੱਡੀ ਰਕਮ ਹੁੰਦੀ ਸੀ। ਇਸ ਉਪਰੰਤ ਆਲੇ-ਦੁਆਲੇ ਦੇ ਸਾਰੇ ਪਿੰਡਾਂ ਵਲੋਂ ਸਕੂਲ ਦੀ ਟੀਮ ਦਾ ਅਤੇ ਮੇਰੇ ਪਾਪਾ ਜੀ ਦਾ ਸਨਮਾਨ ਕੀਤਾ ਗਿਆ।

ਉਸ ਸਮੇਂ ਮੈਨੂੰ ਇੱਕ ਰੁਪਇਆ ਮਹੀਨੇ ਦੀ ਪੌਕਟ ਮਨੀ ਮਿਲਦੀ ਸੀ। ਅਸੀਂ ਹਰ ਰੋਜ਼ ਇੱਕ ਆਨੇ ਦੀ ਪਿੰਨੀ ਸਾਡੇ ਜਮਾਤੀ ਮੱਖਣ ਲਾਲ ਦੇ ਪਿਤਾ ਦੀ ਦੁਕਾਨ ਤੋਂ ਖਾਂਦੇ। ਇਸ ਤਰ੍ਹਾਂ 16 ਦਿਨ ਹੀ ਚੱਲਦਾ ਬਾਕੀ ਦਿਨ ਅਸੀਂ ਮੱਖਣ ਲਾਲ ਦੇ ਹਿਸਾਬ ਵਿਸ਼ੇ ਦਾ ਸਕੂਲ ਦਾ ਕੰਮ ਕਰਕੇ ਮੱਖਣ ਲਾਲ ਤੋਂ ਲੈ ਕੇ ਖਾਂਦੇ। ਇਥੋਂ ਹੀ ਸਲਾਨਾ ਪੇਪਰਾਂ ਤੋਂ ਬਾਅਦ ਅਤੇ ਛੁੱਟੀਆਂ ਵਿਚ ਮੈਂ ਪਿੰਡ ਚਲੇ ਜਾਂਦਾ ਸਾਂ ਵਾਢੀ ਅਤੇ ਹੋਰ ਖੇਤੀ ਦੇ ਕੰਮ ਕਰਵਾਉਣ ਲਈ। ਸਾਡੇ 20-25 ਦਿਹਾੜੀਏ ਲਗਾਏ ਜਾਂਦੇ ਸਨ, ਜੋ ਸਾਡੇ ਵਿਹੜੇ ਵਿੱਚ ਹੀ ਰਹਿੰਦੇ ਸੌਂਦੇ ਸਨ। ਇਨ੍ਹਾਂ ਲਈ ਲਾਲ ਮਿਰਚਾਂ ਪਾਣੀ ਪਾ-ਪਾ ਕੇ ਰਗੜੀਆਂ ਜਾਂਦੀਆਂ ਅਤੇ ਇੱਕ ਦਾਲ-ਸਬਜ਼ੀ ਆਦਿਕ ਨਾਲ ਇਨ੍ਹਾਂ ਨੂੰ ਰੋਟੀ ਦਿੱਤੀ ਜਾਂਦੀ। ਇਸ ਉਪਰੰਤ ਉਨ੍ਹਾਂ ਨੂੰ ਇੱਕ ਗੁੜ ਦੀ ਡਲੀ ਵੀ ਦਿੱਤੀ ਜਾਂਦੀ ਸੀ। ਉਸ ਸਮੇਂ ਮੇਰੇ ਦਾਦੀ ਜੀ

ਹਰੀਜਨਾਂ ਨੂੰ ਜਿਨ੍ਹਾਂ ਨੂੰ ਉਸ ਸਮੇਂ ਝੜੰਮ ਜਾਂ ਹਰੀਜਨ ਕਿਹਾ ਜਾਂਦਾ ਸੀ ਉਪਰੋਂ ਹੀ ਰੋਟੀ ਪਾਉਂਦੇ ਸਨ ਤਾਂ ਜੋ ਕਿਤੇ ਹੱਥ ਇਨ੍ਹਾਂ ਨੂੰ ਛੂਹ ਨਾ ਜਾਏ। ਮੈਨੂੰ ਇਹ ਬੜਾ ਬੁਰਾ ਲਗਦਾ ਮੈਂ ਆਪਣੀ ਦਾਦੀ ਜੀ ਨੂੰ ਇਸ ਤੋਂ ਅਕਸਰ ਮਨ੍ਹਾ ਵੀ ਕਰਦਾ ਰਿਹਾ ਪਰ ਉਨ੍ਹਾਂ 'ਚ ਜਾਤੀਵਾਦ ਉੱਚ-ਨੀਚ ਦੀ ਲਾਹਨਤ ਹਾਲੇ ਗਈ ਨਹੀਂ ਸੀ।

ਰਾਤ ਉਨ੍ਹਾਂ ਨੇ ਰਮਾਇਣ ਦੀ ਕਥਾ ਛੇੜ ਲੈਣੀ ਜੋ ਰਾਤ ਦੇ 11-12 ਵਜੇ ਤੱਕ ਚਲਦੀ ਰਹਿਣੀ। ਇਥੇ ਇੱਕ ਦਿਨ ਮੇਰੇ ਚਾਚਾ ਜੀ ਆਪਣੀ ਕਾਰ 'ਤੇ ਘਰ ਆਏ ਤਾਂ ਸਾਰਾ ਪਿੰਡ ਕਾਰ ਦੇਖਣ ਆਇਆ। ਉਸ ਸਮੇਂ ਕਾਰ ਕਿਸੇ ਟਾਂਵੇ-ਟਾਂਵੇ ਪਾਸ ਹੀ ਹੁੰਦੀ ਸੀ। ਮੇਰੇ ਪਾਪਾ ਨੇ ਮੈਨੂੰ ਕਾਰ ਵੱਲ ਮੁੜ-ਮੁੜ ਕੇ ਵੇਖਦਾ ਦੇਖ ਕਿਹਾ ਕਿ ਜੇ ਕਾਰ ਲੈਣੀ ਹੈ ਤਾਂ ਤੈਨੂੰ ਵੀ ਆਪਣੇ ਚਾਚੇ ਦੀ ਤਰ੍ਹਾਂ ਪੜ੍ਹਨਾ ਪਵੇਗਾ। ਇਹ ਪੰਜਾਬ ਚੋਂ ਸਿਵਲ ਇੰਜੀਨਿਅਰਿੰਗ ਦੀ ਪ੍ਰੀਖਿਆ ਵਿੱਚ ਅੱਵਲ ਆਇਆ ਸੀ ਤਾਂ ਹੀ ਤਾਂ ਐਨੀ ਉੱਚੀ ਨੌਕਰੀ 'ਤੇ ਲੱਗਾ ਹੈ। ਇਹ ਗੱਲ ਉਸੇ ਸਮੇਂ ਮੇਰੇ ਅੰਦਰ ਘਰ ਕਰ ਗਈ। ਮੈਂ ਉਸੇ ਸਾਲ ਚੌਥੀ ਕਲਾਸ ਵਿੱਚ ਸਕੂਲ 'ਚ ਅੱਵਲ ਰਿਹਾ। ਫਿਰ ਪਿੱਛੇ ਮੁੜ ਨਹੀਂ ਵੇਖਿਆ ਅਤੇ ਮੈਟਰਿਕ ਤੱਕ ਫਸਟ ਹੀ ਆਉਂਦਾ ਰਿਹਾ।

ਪਿੰਡ 'ਚ ਰਹਿੰਦਿਆਂ ਮੇਰੇ ਬੇਬੇ ਜੀ ਥੋੜ੍ਹੇ ਸਰੀਰ ਦੇ ਭਾਰੇ ਹੋ ਗਏ ਸਨ ਤੇ ਰੋਟੀ ਸਬਜ਼ੀ ਬਣਾਉਣ ਤੋਂ ਘੌਲ ਕਰਨ ਲੱਗੇ। ਮੈਨੂੰ ਸ਼ਕਰ-ਘਿਓ ਜਾਂ ਉਬਲੇ ਅੰਡੇ ਜੋ ਘਰ ਦੇ ਮੁਰਗੀਖਾਨੇ 'ਚੋਂ ਅਕਸਰ ਹਰ ਰੋਜ਼ ਹੀ ਖਾਣ ਨੂੰ ਮਿਲਦੇ ਸਨ। ਕਦੇ ਕਦੇ ਪਿੰਡ 'ਚ ਕਿੱਕਰਾਂ ਦੇ ਰੁੱਖ ਨੂੰ ਲਗੇ ਤੁਕਿਆਂ ਦਾ ਅਚਾਰ ਮੱਖਣ ਨਾਲ ਖਾਣ ਨੂੰ ਮਿਲਦਾ, ਕਦੇ ਆਈਸ ਕਰੀਮ ਵਾਲਾ ਪਿੰਡ ਆਉਣਾ ਤਾਂ ਮੇਰੇ ਬੇਬੇ ਜੀ ਨੇ ਕਣਕ ਜਾਂ ਛੋਲਿਆਂ ਦੀ ਮੁੱਠ ਚਪਣੀ 'ਚ ਪਾ ਕੇ ਦੇਣੀ ਤੇ ਭਾਈ ਨੇ ਆਈਸ ਕਰੀਮ ਸਾਨੂੰ ਬੱਚਿਆਂ ਨੂੰ ਦੇ ਜਾਣੀ। ਵਾਢੀ ਦੇ ਇੱਕ ਦੋ ਮਹੀਨੇ ਬਾਅਦ ਵੀ ਸਾਡੇ ਘਰ ਦਾ ਇਕ ਕਮਰਾ ਕਣਕ ਜਾਂ ਛੋਲਿਆਂ ਨਾਲ ਭਰਿਆ ਰਹਿਣਾ। ਪਿੰਡ ਦੇ ਇੱਕ ਆਜੜੀ ਨਾਲ ਮੈਂ ਘਰ ਦੇ ਪਸ਼ੂ ਚਾਰਣ ਵੀ ਜਾਂਦਾ ਰਿਹਾ। ਦਿਨ ਭਰ ਅਸੀਂ ਖੇਤਾਂ ਵਿੱਚ ਰਹਿਣਾ ਤੇ ਸ਼ਾਮ ਨੂੰ ਡੰਗਰਾਂ ਨੂੰ ਪਿੰਡ ਦੇ ਛੱਪੜ ਵਿੱਚ ਵਾੜ ਦੇਣਾ, ਨਾਲ ਹੀ ਆਪ ਵੀ ਛੱਪੜ ਵਿੱਚ ਵੜ ਕੇ ਨਹਾਉਣ ਲੱਗ ਜਾਣਾ। ਮੈਨੂੰ ਕੁੱਦਣਾ ਨਹੀਂ ਆਉਂਦਾ ਸੀ ਪਰ ਦਲਾਗਾ ਆਜੜੀ ਨੂੰ ਥੋੜ੍ਹਾ ਬਹੁਤਾ ਆਉਂਦਾ ਸੀ। ਉਸ ਨੇ ਮੈਨੂੰ ਇੱਕ ਦਿਨ ਕਿਹਾ ਕਿ ਤੂੰ ਮੇਰੇ ਪਿੱਛੇ ਆਉਂਦਾ ਜਾ ਜਦੋਂ ਡੂੰਘਾ ਪਾਣੀ ਆਊ ਤੇਰੇ ਪੈਰ ਆਪੇ ਨਿਕਲ ਜਾਣਗੇ। ਫਿਰ ਆਪੇ ਹੱਥ-ਪੈਰ ਮਾਰੇਂਗਾ ਇੰਝ ਕੁੱਦਣਾ ਸਿੱਖ ਜਾਵੇਂਗਾ। ਮੈਂ ਇੰਝੇ ਹੀ ਕੀਤਾ, ਡੂੰਘੇ ਪਾਣੀ 'ਚ ਜਾ ਕੇ ਮੇਰੇ ਪੈਰ ਨਿਕਲ ਗਏ, ਮੈਂ ਬੜੇ ਹੱਥ-ਪੈਰ ਮਾਰੇ ਪਰ ਡੁੱਬਣ ਲੱਗਾ। ਕੋਲ ਛੱਪੜ 'ਚ ਵੜੀ ਸਾਡੀ ਮੱਝ ਇੱਕ ਦਮ ਮੇਰੇ ਕੋਲ ਆਈ। ਮੈਂ ਉਸਦੇ ਸਿੰਗਾਂ ਨੂੰ ਫੜਕੇ ਉਸ ਦੇ ਉਪਰ ਬੈਠ ਗਿਆ ਤੇ ਛੱਪੜ ਤੋਂ ਬਾਹਰ ਆ ਗਿਆ। ਬਾਅਦ ਵਿੱਚ ਮੈਂ ਕਦੇ ਡੂੰਘੇ ਪਾਣੀ ਵਿੱਚ ਨਾ ਵੜਿਆ। ਚੰਨ-ਚਾਨਣੀ ਵਾਲੀ ਰਾਤ ਨੂੰ ਅਸਾਂ ਬੱਚਿਆਂ ਨੇ ਪਿੰਡ ਦੇ ਨਾਲ ਲਗਦੇ ਟਿੱਬਿਆਂ ਦੀ ਠੰਡੀ-ਠੰਡੀ ਰੇਤ ਤੇ ਖੇਡਣਾ।

ਵਾਢੀ ਦੌਰਾਨ ਦਿਹਾੜੀਏ ਮੁੰਡੇ-ਕੁੜੀਆਂ ਦੀਆਂ ਇਸ਼ਕ-ਮਜ਼ਾਜੀ ਦੀਆਂ ਗੱਲਾਂ ਅਕਸਰ ਚਲਦੀਆਂ ਰਹਿੰਦੀਆਂ। ਮੈਂ ਛੋਟਾ ਸਾਂ ਪਰ ਸਾਡੇ ਸੀਰੀਆਂ ਨੇ ਜੋ ਜਵਾਨ ਪਰ ਵਿਆਹੇ ਹੋਏ ਸਨ, ਨੇ ਬੜੇ ਸਵਾਦ ਲੈ ਲੈ ਕੇ ਐਸੀਆਂ ਗੱਲਾਂ ਕਰਨੀਆਂ। ਇਕ ਵਾਰ ਦੁਪਹਿਰ ਦੀ ਚਾਹ ਬਣਾਨ ਲੱਗੇ ਤਾਂ ਦੁੱਧ ਫੱਟ ਗਿਆ। ਪਾਸ ਹੀ ਖੇਤ 'ਚ ਚਰ ਰਹੀਆਂ ਬਕਰੀਆਂ ਫੜ ਕੇ 'ਚੋ ਲਈਆਂ ਅਤੇ ਚਾਹ ਬਣਾ ਲਈ। ਕਹਿੰਦੇ ਨੇ ਕਿ ਬਕਰੀ ਨੂੰ ਜਦੋਂ ਮਰਜ਼ੀ ਚੋ ਲਵੋ, ਗੁਜ਼ਾਰੇ ਜੋਗਾ ਦੁੱਧ ਦੇ ਹੀ ਦਿੰਦੀ ਹੈ। ਇੱਕ ਵਾਰ ਕੁੱਤਾ ਨਲਕਾ ਗੇੜਦਿਆਂ ਮੇਰਾ ਹੱਥ ਦਾ ਨਹੁੰ ਪੁੱਟਿਆ ਗਿਆ। ਬੜੀ ਅੰਤਾਂ ਦੀ ਪੀੜ ਹੋਈ, ਕਿਹੜਾ ਡਾਕਟਰ ਕੋਲ ਜਾਂਦਾ। ਆਪਣਾ ਪਿਸ਼ਾਬ ਹੀ ਜ਼ਖ਼ਮ 'ਤੇ ਲਾਉਂਦਾ ਰਿਹਾ, ਕੁੱਝ ਦਿਨਾਂ 'ਚ ਹੀ ਜ਼ਖ਼ਮ ਠੀਕ ਹੋ ਗਿਆ।

ਨਥਾਣੇ ਸਾਡੇ ਘਰ ਦੇ ਹੇਠ ਰਹਿੰਦੇ ਕਿਰਾਏਦਾਰਾਂ ਦੀ ਬੇਟੀ ਨਾਲ ਮੇਰੀ ਬਚਪਨ ਵਿੱਚ ਬੜੀ ਦੋਸਤੀ ਸੀ। ਹੋਰ ਵੀ ਬੱਚੇ ਆ ਕੇ ਸਾਡੇ ਨਾਲ ਹਵੇਲੀ ਵਿੱਚ ਖੇਡਦੇ ਸਨ ਕਿਉਂਕਿ ਹਵੇਲੀ ਵਿੱਚ 3-4 ਹੋਰ ਵੀ ਕਿਰਾਏਦਾਰ ਰਹਿੰਦੇ ਸਨ। ਇੱਕ ਦਿਨ ਗਰਮੀ ਦੇ ਦਿਨਾਂ ਵਿੱਚ ਖੇਡਦਿਆਂ-ਖੇਡਦਿਆਂ ਮੈਂ ਤੇ ਮੇਰੀ ਦੋਸਤ ਲੜਕੀ ਇਕੱਠੇ ਸੌਂ ਗਏ। ਉਪਰੋਂ ਲੜਕੀ ਦੀ ਮਾਂ ਆ ਗਈ। ਉਸ ਨੇ ਸਾਨੂੰ ਜਗਾ ਕੇ ਬੜੀਆਂ ਝਾੜਾਂ ਪਾਈਆਂ ਤੇ ਉਪਰ ਜਾ ਕੇ ਮੇਰੇ ਮੰਮੀ ਨੂੰ ਵੀ ਇਸਦੀ ਸ਼ਿਕਾਇਤ ਕਰ ਦਿੱਤੀ। ਮੇਰੇ ਮੰਮੀ ਨੇ ਬੱਚੇ ਕਹਿ ਕੇ ਮਾਮਲਾ ਤਾਂ ਰਫ਼ਾ-ਦਫ਼ਾ ਕਰ ਦਿੱਤਾ ਪਰ ਸ਼ਾਮ ਨੂੰ ਜੱਦ ਮੇਰੇ ਪਾਪਾ ਘਰ ਆਏ ਤਾਂ ਉਨ੍ਹਾਂ ਨੂੰ ਦੱਸ ਦਿੱਤਾ। ਮੇਰੇ ਪਾਪਾ ਨੇ ਸੋਚਿਆ ਇਹ ਪੰਜਵੀਂ ਕਲਾਸ 'ਚ ਹੈ, ਇਸ ਨੂੰ ਕੱਚੀ ਉਮਰੇ ਹੀ ਸਭ ਸਮਝ ਪੈ ਗਈ ਹੈ। ਉਨ੍ਹਾਂ ਨੇ ਮੇਰੀ ਚੰਗੀ ਧੁਨਾਈ ਕੀਤੀ। ਮੇਰੀ ਮੰਮੀ ਨੇ ਵਿੱਚ ਪੈ ਕੇ ਮੈਨੂੰ ਬਚਾਇਆ। ਮੈਨੂੰ ਲਗਿਆ ਮੇਰੇ ਤੋਂ ਪਤਾ ਨਹੀਂ ਕੀ ਗੁਨਾਹ ਹੋ ਗਿਆ ਹੈ। ਮੇਰਾ ਚਿੱਤ ਕਰੇ ਮੈਂ ਧਰਤੀ ਵਿੱਚ ਹੀ ਗਰਕ ਹੋ ਜਾਵਾਂ। ਬੜੇ ਦਿਨ ਨਿੰਮੋਝੂਣੇ ਹੋ ਕੇ ਕੱਟਣੇ ਪਏ।

ਇਸੇ ਸਕੂਲ ਵਿੱਚ ਮੇਰੇ ਪਾਪਾ ਨੇ ਬੱਚਿਆਂ ਨੂੰ ਕਵਿਤਾ, ਗੀਤ ਲਿਖਣ ਲਈ ਪ੍ਰੇਰਿਆ ਤੇ ਅੱਛੀ ਕਵਿਤਾ ਜੋ ਰੂਪ ਸਿੰਘ ਨੇ ਲਿਖੀ ਸੀ ਆਪਣੇ ਵੱਲੋਂ ਇਨਾਮ ਵੀ ਦਿੱਤਾ। ਇਥੇ ਮੇਰੇ ਮੰਮੀ-ਪਾਪਾ ਦੀ ਇੱਕ ਡਾਕਟਰ ਜੋੜੇ ਨਾਲ ਜੋ ਨਵੇਂ-ਨਵੇਂ ਵਿਆਹੇ ਪਿੰਡ ਵਿੱਚ ਆਏ ਸਨ ਬੜੀ ਦੋਸਤੀ ਹੋ ਗਈ। ਛੋਟਾ ਜਿਹਾ ਪਿੰਡ ਸੀ। ਸਰਕਾਰੀ ਮੁੱਖੀਆਂ ਦੀ ਅਕਸਰ ਇੱਕ ਦੂਸਰੇ ਨਾਲ ਦੋਸਤੀ ਹੋ ਜਾਇਆ ਕਰਦੀ ਹੈ। ਉਹ ਦੋਨੋਂ ਸ਼ਾਮ ਨੂੰ ਸਾਡੇ ਘਰ ਆਉਂਦੇ ਫਿਰ ਇਕੱਠੇ ਦੋਨੋਂ ਪਰਿਵਾਰ ਸੈਰ ਕਰਨ ਨਿਕਲ ਜਾਂਦੇ। ਉਪਰੰਤ ਰੋਟੀ ਸਾਡੇ ਘਰ ਬਣਦੀ ਤੇ ਖਾ ਕੇ ਹੀ ਉਹ ਘਰ ਪਰਤਦੇ।

ਇਥੇ ਹੀ ਪਿੰਡ ਪੂਹਲੇ ਤੋਂ ਇੱਕ ਸਰਪੰਚ ਸਾਡੇ ਘਰ ਆਇਆ। ਉਸ ਕਿਹਾ ਕਿ ਮੇਰਾ ਪੁੱਤਰ ਤਾਂ ਬਿਲਕੁਲ ਪੜ੍ਹਦਾ ਨਹੀਂ। ਜੇ ਤੁਸੀਂ ਇਸ ਨੂੰ ਆਪਣੇ ਪਾਸ ਰੱਖ ਲਉ ਤਾਂ ਘੱਟੋ-ਘੱਟ ਇਹ ਦਸਵੀਂ ਪਾਸ ਕਰ ਜੂ। ਮੇਰੇ ਮੰਮੀ-ਪਾਪਾ ਨੇ ਉਸਦੀ ਗੱਲ ਮੰਨ ਲਈ। ਫਿਰ ਉਹ ਸਾਡੇ ਘਰ ਹੀ ਇੱਕ ਸਾਲ ਰਿਹਾ। ਮੇਰੇ ਪਾਪਾ ਉਸਨੂੰ ਘਰ ਪੜ੍ਹਾਉਂਦੇ ਰਹੇ ਤੇ ਉਹ ਪਾਸ ਹੋ ਗਿਆ। ਦੋਨਾਂ ਪਰਿਵਾਰਾਂ 'ਚ ਪਈ ਉਸ ਸਮੇਂ ਦੀ ਦੋਸਤੀ ਹੁਣ ਤੱਕ ਚਲਦੀ ਹੈ।

ਨਥਾਣਿਉਂ ਮੇਰੇ ਪਾਪਾ ਦੀ ਬਦਲੀ ਢੁੱਡੀ ਦੀ ਹੋ ਗਈ, ਜੋ ਕਿ ਫਰੀਦਕੋਟ ਤੋਂ 9 ਮੀਲ ਦੂਰ ਸੀ। ਮੈਨੂੰ ਸਤਵੀਂ ਕਲਾਸ ਵਿੱਚ ਬਲਵੀਰ ਹਾਈ ਸਕੂਲ ਦਾਖ਼ਲ ਕਰਵਾਇਆ ਗਿਆ। ਉਸ ਸਮੇਂ ਸਕੂਲ ਦੇ ਬਹੁਤੇ ਕਮਰੇ ਨਹੀਂ ਸਨ ਹੁੰਦੇ। ਅਸੀਂ ਆਪਣੇ ਬੈਠਣ ਵਾਸਤੇ ਟਾਟ ਜਾਂ ਬੋਰੀ ਘਰੋਂ ਹੀ ਲੈ ਕੇ ਜਾਂਦੇ ਸਾਂ। ਅੱਠਵੀਂ ਕਲਾਸ 'ਚ ਮੈ ਆਪਣੇ ਪਾਪਾ ਦੇ ਸਕੂਲ

ਦਾਖ਼ਿਲ ਹੋ ਗਿਆ। ਇਥੇ ਅਧਿਆਪਕ ਬੜੇ ਮਿਹਨਤੀ ਸਨ ਪਰ ਹਰ ਰੋਜ਼ 9 ਮੀਲ ਸਾਈਕਲ ਚਲਾ ਕੇ ਸਕੂਲ ਜਾਣਾ ਆਉਣਾ ਹੁੰਦਾ ਸੀ। ਸਕੂਲ ਵਿੱਚ ਹੋਰਾਂ ਐਕਟੀਵਿਟੀਜ਼ ਤੋਂ ਬਿਨਾਂ ਤੂੰਬੀ ਚਲਾਣ ਦੀ ਪ੍ਰੈਕਟਿਸ ਵੀ ਕਰਵਾਈ ਜਾਂਦੀ ਸੀ। ਇਥੇ ਮਾਸਟਰ ਕਰਤਾਰ ਸਿੰਘ ਜੀ ਸਾਨੂੰ ਅੰਗਰੇਜ਼ੀ ਪੜ੍ਹਾਉਂਦੇ ਸਨ। ਜੇ ਕਿਸੇ ਨੇ ਦਿੱਤਾ ਕੰਮ ਯਾਦ ਨਾ ਕਰਕੇ ਆਣਾ ਤਾਂ ਕੀ ਕੁੜੀ ਕੀ ਮੁੰਡਾ ਸਭ ਨੂੰ ਕੰਨ ਫੜਾ ਦਿੰਦੇ ਸਨ। ਕਿਸੇ ਇਤਰਾਜ਼ ਕੀਤਾ ਤਾਂ ਕਿਹਾ ਇਹ ਮੇਰੇ ਹੀ ਪੁੱਤਰ ਧੀਆਂ ਨੇ। ਇੰਨੀ ਮਿਹਨਤ ਕਰਵਾਈ ਕਿ ਕਲਾਸ ਦੇ ਸਾਰੇ ਬੱਚਿਆਂ ਦੀ ਫਸਟ ਡਿਵੀਜ਼ਨ ਆਈ ਜੋ ਕਿ ਇੱਕ ਪਿੰਡ ਦੇ ਸਕੂਲ ਲਈ ਰਿਕਾਰਡ ਸੀ। ਮੇਰੇ 88% ਨੰਬਰ ਆਏ ਤੇ ਮੈਂ ਪੂਰੇ ਜ਼ਿਲ੍ਹੇ ’ਚੋਂ ਫਸਟ ਰਿਹਾ। ਇਥੇ ਮੈਂ ਸਕੂਲ ਦੀ ਫੁੱਟਬਾਲ ਟੀਮ ਦਾ ਮੈਂਬਰ ਬਣਿਆ। ਮੇਰੇ ਪਾਪਾ ਖ਼ੁਦ ਆ ਕੇ ਸਾਡੀ ਖੇਡ ਨੂੰ ਵੇਖਦੇ। ਅਸੀਂ ਰਾਤ ਪਏ ਘਰ ਮੁੜਦੇ। ਮੇਰੇ ਪਾਪਾ ਕੋਲ ਮੈਨੂੰ ਫੁੱਟਬਾਲ ਦੇ ਬੂਟ ਲੈ ਕੇ ਦੇਣ ਜੋਗੇ ਪੈਸੇ ਨਹੀਂ ਸਨ। ਮੇਰੇ ਤਾਇਆ ਜੀ ਨੇ ਮੈਨੂੰ ਫੁਟਬਾਲ ਖੇਡਦਾ ਵੇਖ ਆਪਣੇ ਪੁਰਾਣੇ ਬੂਟ ਦੇ ਦਿੱਤੇ ਜੋ ਮੈਨੂੰ ਥੋੜ੍ਹੇ ਤੰਗ ਸਨ ਪਰ ਮੈਂ ਜਿਵੇਂ ਕਿਵੇਂ ਜਬਰਦਸਤੀ ਆਪਣੇ ਪੈਰਾਂ ਵਿੱਚ ਫਸਾ ਲਏ ਤੇ ਪਾ ਕੇ ਖੇਡਦਾ ਰਿਹਾ। ਮੇਰੇ ਪੈਰਾਂ ਦੀਆਂ ਉਂਗਲਾਂ ਹੀ ਮੁੜ ਗਈਆਂ। ਇਥੇ ਹੀ ਮੇਰੇ ਪਾਪਾ ਦੇ ਖ਼ਿਲਾਫ਼ ਇੱਕ ਅਧਿਆਪਕ ਨੇ ਪਾਕਿਸਤਾਨ ਖ਼ਾਤਰ ਜਸੂਸੀ ਦੀ ਸ਼ਿਕਾਇਤ ਕਰ ਦਿੱਤੀ। ਉਸਨੂੰ ਮੇਰੇ ਪਾਪਾ ਨੇ ਮਨ ਚਾਹੀ ਕਲਾਸ, ਤੇ ਕੰਮ ਨਹੀਂ ਦਿੱਤਾ ਸੀ ਤੇ ਇਹ ਵਾਰ-ਵਾਰ ਛੁੱਟੀ ਕਰਦਾ ਤੇ ਜਲਦੀ ਸਕੂਲੋਂ ਨਿਕਲ ਜਾਂਦਾ ਸੀ। ਪਿੰਡ ਦੀ ਪੰਚਾਇਤ ਨੂੰ ਵੀ ਪਾਪਾ ਦੇ ਖ਼ਿਲਾਫ਼ ਭੜਕਾਉਂਦਾ ਰਿਹਾ। ਖ਼ੈਰ ਮੇਰੇ ਪਾਪਾ ਨੇ ਪ੍ਰਵਾਹ ਨਹੀਂ ਕੀਤੀ ਤੇ ਸੱਚ ਨੂੰ ਕਦੇ ਆਂਚ ਨਹੀਂ ਆਉਂਦੀ। ਜਾਂਚ ਹੋਈ ਤੇ ਆਪੇ ਹੀ ਬੰਦ ਹੋ ਗਈ।

ਦਸਵੀਂ ਕਲਾਸ ਵਿੱਚ ਮੈਂ ਫਰੀਦਕੋਟ ਸਕੂਲ ਫਿਰ ਦਾਖ਼ਲ ਹੋ ਗਿਆ ਤੇ ਮੇਰੇ ਪਾਪਾ ਮੈਨੂੰ ਹਿਸਾਬ ਦੇ ਪੇਪਰ ਦੀ ਤਿਆਰੀ ਕਰਵਾਉਂਦੇ ਰਹੇ ਤੇ ਬੜੇ ਟੈਸਟ ਲੈਂਦੇ ਰਹੇ। ਮੈਂ ਜ਼ਿਲ੍ਹੇ ’ਚ ਫਸਟ ਆਇਆ ਤੇ ਮੈਰਿਟ ਸਕਾਲਰਸ਼ਿਪ ਵੀ ਜਿੱਤਿਆ। ਮੇਰੇ ਮੰਮੀ ਪਾਪਾ ਮੇਰੀ ਇਸ ਸਫਲਤਾ ਤੇ ਫੁਲੇ ਨਹੀਂ ਸਮਾਏ ਤੇ ਘਰ ਘਰ ਮਠਿਆਈ ਵੰਡੀ। ਮੈਨੂੰ ਇਨਾਮ ਵਜੋਂ ਇਕ ਰੀਕੋ ਦੀ ਘੜੀ ਲੈ ਕੇ ਦਿੱਤੀ ਜਿਸ ਨੂੰ ਮੈਂ ਆਪਣੇ ਵਿਆਹ ਤੱਕ ਬੰਨਦਾ ਰਿਹਾ। ਮੇਰੇ ਪਾਪਾ ਬੜਾ ਘੱਟ ਹੋਮ ਵਰਕ ਦਿੱਤਾ ਕਰਦੇ ਸਨ। ਘਰ ਵਿੱਚ ਸਾਡੇ ਰਿਸ਼ਤੇਦਾਰੀਆਂ ਚੋਂ ਕੁੱਝ ਲੋਕ ਪੜ੍ਹਨ ਫਰੀਦਕੋਟ ਆਉਂਦੇ ਰਹੇ। ਲੰਗਰ ਘਰ ਹੀ ਚਲਦਾ। ਮੇਰੇ ਮੰਮੀ ਤੇ ਪਾਪਾ ਨੇ ਪ੍ਰਾਹੁਣਾਚਾਰੀ ‘ਚ ਕਦੇ ਕੋਈ ਕਸਰ ਨਾ ਛੱਡੀ। ਸਾਡੇ ਘਰ ਵਿੱਚ ਮੱਝਾਂ ਹੋਣ ਕਰਕੇ ਦੁੱਧ ਮੱਖਣ ਤੋਂ ਕਦੀ ਕਮੀ ਨਹੀਂ ਆਈ। ਅਸੀਂ ਕਦੇ ਆਪਣੇ ਮਾਂ-ਬਾਪ ਨੂੰ ਲੜਦੇ-ਝਗੜਦੇ, ਬਹਿਸਦੇ ਨਹੀਂ ਦੇਖਿਆ। ਮੇਰੇ ਪਾਪਾ ਨੇ ਜੇ ਕੋਈ ਗੱਲ ਕਹੀ ਮੇਰੇ ਮੰਮੀ ਮੰਨ ਲੈਂਦੇ ਜੇ ਮੇਰੇ ਮੰਮੀ ਕਹਿੰਦੇ ਤਾਂ ਮੇਰੇ ਪਾਪਾ ਮੰਨ ਲੈਂਦੇ। ਘਰ ਦਾ ਦੇਸੀ ਘਿਉ, ਚੀਨੀ, ਦੁੱਧ ਦੇ ਕੇ ਪੀਪਾ ਭਰਕੇ ਬਿਸਕੁਟ ਬਣਵਾਉਂਦੇ ਜੋ ਕੁੱਝ ਦਿਨ ਹੀ ਚਲਦੇ, ਫਿਰ ਬਣਵਾ ਲੈਂਦੇ। ਘਰ ‘ਚ ਬੜੀ ਸਾਦਗੀ ਸੀ। ਉਹੀ ਬਾਟਾ ਦੇ ਐਂਬੈਸਡਰ ਦੇ ਬੂਟ, ਫਾਟਾਂ ਵਾਲੇ ਪਜਾਮੇ ਤੇ ਸਕੂਲ ਦੀ ਵਰਦੀ ਇੱਕ ਦੋ ਹੋਰ ਕਮੀਜ਼-ਪਜਾਮੇਂ। ਬਸ ਉਹ ਵੀ ਜੋ ਮੰਮੀ ਪਾਪਾ ਲੈ ਦਿੰਦੇ ਅਸੀਂ ਕਦੇ ਨਾਂਹ-ਨੁਕਰ ਜਾਂ ਕੋਈ ਨਖਰਾ ਨਹੀਂ ਸਾੜਿਆ। ਬਸ ਇੰਨਾਂ ਜ਼ਰੂਰ ਯਾਦ ਹੈ ਜਦੋਂ ਨਵੇਂ ਬੂਟ ਲੈਣੇ ਕਈ ਵਾਰ ਬੂਟ ਪਾ ਕੇ ਹੀ ਬਿਸਤਰੇ ਤੇ ਬੈਠ ਜਾਣਾ।

ਮੇਰੇ ਪਾਪਾ ਨੂੰ ਸਾਡਾ ਬੰਟੇ ਖੇਡਣਾ ਬਿਲਕੁਲ ਪਸੰਦ ਨਹੀਂ ਸੀ। ਉਹ ਚਾਹੁੰਦੇ ਸਨ ਕਿ ਅਸੀਂ ਦੌੜੀਏ ਭਜੀਏ, ਲੁਕਣ-ਮੀਟੀ, ਗੁੱਲੀ-ਡੰਡਾ, ਐਸ-ਪਾਈਸ, ਹਾਕੀ, ਫੁਟਬਾਲ, ਐਥਲੈਟਿਕਸ ਵਰਗੀਆਂ ਖੇਡਾਂ ਖੇਡੀਏ। ਉਹ ਸਾਨੂੰ ਹਰ ਸਾਲ ਸਮਰ ਕੈਂਪ ਵਿਚ ਦਾਖ਼ਲ ਕਰਾ ਦੇਂਦੇ।

ਇੱਕ ਵਾਰ ਮੈਂ ਤੇ ਮੇਰੇ ਵੱਡੇ ਭਾਈ ਸਾਹਿਬ ਚੋਰੀ-ਚੋਰੀ ਪਿੱਕਚਰ ਦੇਖਣ ਚਲੇ ਗਏ ਘਰ ਵਾਪਸ ਆਉਂਦਿਆਂ ਤੱਕ ਸਭ ਨੂੰ ਪਤਾ ਲੱਗ ਗਿਆ। ਮੇਰੇ ਪਾਪਾ ਨੇ ਸਾਨੂੰ ਧੁੱਪੇ ਗਰਮ-ਗਰਮ ਫਰਸ਼ ’ਤੇ ਖੜ੍ਹੇ ਕਰ ਦਿੱਤਾ। ਖ਼ੂਬ ਪੈਰ ਸੜੇ ਪਰ ਫਿਰ ਸਾਡੇ ਮੰਮੀ ਨੇ ਵਿੱਚ ਪੈ ਕੇ ਛੁਡਾਇਆ। ਕਿਹਾ ਕਿ ਬੱਚੇ ਨੇ ਮੁੜ ਐਸੀ ਗਲਤੀ ਨਹੀਂ ਕਰਨਗੇ। ਫਿਰ ਐਨੀ ਜ਼ੁਰਅਤ ਅਸੀਂ ਕੀਤੀ ਵੀ ਕਦੇ ਨਾ।

ਹੌਲੀ-ਹੌਲੀ ਕਰਦੇ ਮੇਰੇ ਵੱਡੇ ਭੈਣ ਜੀ ਤੇ ਵੱਡੇ ਭਾਈ ਤੇ ਛੋਟੀ ਭੈਣ ਦਾ ਵਿਆਹ ਹੋ ਗਿਆ। ਘਰ ਦੇ ਨਾਲ ਦੀ ਗਲੀ ਵਿੱਚ ਹੀ ਟੈਂਟ ਲਾ ਕੇ ਵਿਆਹ ਕੀਤੇ, ਉਦੋਂ ਐਸਾ ਹੀ ਜ਼ਮਾਨਾ ਸੀ। ਸਾਡੇ ਮਾਮਾ ਜੀ ਇੱਕ ਹਫ਼ਤਾ ਪਹਿਲਾਂ ਆ ਕੇ ਹੀ ਸਾਰੇ ਵਿਆਹ ਦਾ ਕੰਮ-ਕਾਜ ਸੰਭਾਲ ਲੈਂਦੇ ਸਨ। ਮੇਰੇ ਪਾਪਾ ਤਾਂ ਉਨ੍ਹਾਂ ਨੂੰ ਲੋੜ ਅਨੁਸਾਰ ਪੈਸੇ ਦਿੰਦੇ ਰਹਿੰਦੇ। ਪਰ ਖ਼ਰੀਦੋ-ਫਰੋਖ਼ਤ, ਕਪੜਾ-ਲਤਾ, ਗਹਿਣਾ-ਗੱਟਾ ਮੇਰੇ ਮੰਮੀ-ਪਾਪਾ ਆਪ ਹੀ ਕਰਦੇ।

ਘਰ ਦਾ ਰਾਸ਼ਨ-ਪਾਣੀ ਬਾਣੀਏ ਦੀ ਹੱਟੀ ਤੋਂ ਉਧਾਰ ਹੀ ਆਉਂਦਾ ਸੀ। ਮੇਰੇ ਪਾਪਾ ਮਹੀਨੇ ਦੀ ਪਹਿਲੀ ਤਰੀਖ਼ ਨੂੰ ਤਨਖ਼ਾਹ ਮਿਲਦੇ ਹੀ ਪਹਿਲਾਂ ਜਾ ਕੇ ਬਿਲ ਤਾਰ ਕੇ ਆਉਂਦੇ। ਸਾਡੇ ਘਰ ਕਦੇ ਕੋਈ ਬਿਲ ਦੇ ਪੈਸੇ ਮੰਗਣ ਨਹੀਂ ਆਇਆ। ਪਾਪਾ ਦੀ ਸ਼ਹਿਰ ਵਿੱਚ ਬੜੀ ਇਜ਼ਤ ਸੀ। ਬਹੁਤੇ ਲੋਕ ਤਾਂ ਉਹਨਾਂ ਹੱਥੋਂ ਹੀ ਪੜ੍ਹੇ ਹੋਏ ਹਨ।

ਨੌਕਰੀ ਤੋਂ ਜਦੋਂ ਰੀਟਾਇਰ ਹੋਏ ਤਾਂ ਦਫ਼ਤਰ ਦਾ ਸਾਰਾ ਸਟਾਫ਼ ਮੇਰੇ ਪਾਪਾ ਨੂੰ ਇੱਕ ਜੀਪ ‘ਤੇ ਬਿਠਾ ਕੇ ਜਲੂਸ ਦੀ ਸ਼ਕਲ ਵਿੱਚ ਘਰ ਛੱਡਣ ਆਇਆ। ਉਹ ਨਜ਼ਾਰਾ ਵੇਖਦਿਆਂ ਹੀ ਬਣਦਾ ਸੀ। ਘਰ ਵਿੱਚ ਸਾਰੇ ਰਿਸ਼ਤੇਦਾਰਾਂ ਤੇ ਆਂਢੀਆਂ-ਗੁਵਾਂਢੀਆਂ ਦੋਸਤਾਂ-ਮਿੱਤਰਾਂ ਨੇ ਮੇਰੇ ਪਾਪਾ ਜੀ ਨੂੰ ਜੀ ਆਇਆਂ ਕਿਹਾ ਅਤੇ ਆਪਣੀਆਂ ਸ਼ੁਭ-ਇੱਛਾਵਾਂ ਦਿੱਤੀਆਂ। ਘਰ ‘ਚ ਚਾਹ-ਪਾਣੀ ਤੇ ਮਿਸ਼ਠਾਨ ਦਾ ਖੁੱਲ੍ਹਾ ਲੰਗਰ ਲੱਗਿਆ।

ਮੇਰੇ ਪਾਪਾ ਨੇ ਦੋਸਤ ਬੜੇ ਘੱਟ ਬਣਾਏ ਪਰ ਜੋ ਬਣਾਏ ਉਨ੍ਹਾਂ ਨਾਲ ਤੋੜ ਤੱਕ ਨਿਭਾਈ। ਉਨ੍ਹਾਂ ਦੇ ਪਰਿਵਾਰਾਂ ਨਾਲ ਸਾਂਝ ਬਣੀ ਜੋ ਅੱਜ ਤੱਕ ਕਾਇਮ ਹੈ। ਇਹ ਸਭ ਅੱਜ ਪਰਿਵਾਰ ਦੇ ਦੁੱਖ ਸੁੱਖ ਦੇ ਸਾਂਝੀਦਾਰ ਹਨ।

ਮੇਰੇ ਪਾਪਾ ਗੁਰਦੁਆਰੇ ਹਰ ਰੋਜ਼ ਜਾਂਦੇ ਸਨ। ਰੀਟਾਇਰਮੈਂਟ ਤੋਂ ਬਾਦ ਉਹ ਗੁਰਦੁਆਰੇ ਦੇ ਪੈਸੇ-ਧੇਲੇ ਦਾ ਹਿਸਾਬ ਰੱਖਣ ਲੱਗ ਪਏ ਅਤੇ ਲਾਇਬ੍ਰੇਰੀ ਦਾ ਕੰਮ ਵੀ ਦੇਖਣ ਲੱਗ ਪਏ। ਲਾਇਬ੍ਰੇਰੀ ਵਿੱਚ ਕਿਤਾਬਾਂ ਦੀ ਲਿਸਟ ਬਣਾਈ ਅਤੇ ਕਿਤਾਬਾਂ ਦਾ ਦੇਣ-ਲੈਣ ਦਾ ਪੂਰਾ ਰਿਕਾਰਡ ਰੱਖਿਆ। ਗੁਰਦੁਆਰੇ ਦੇ ਕਾਰਜਾਂ ਜਿਵੇਂ ਲੰਗਰ, ਇਮਾਰਤ ਆਦਿਕ ਸੇਵਾਵਾਂ ਵਿੱਚ ਸਮੇਂ-ਸਮੇਂ ’ਤੇ ਆਪਣਾ ਯੋਗਦਾਨ ਪਾਉਂਦੇ ਰਹੇ। ਦੁਪਹਿਰ ਤੋਂ ਪਹਿਲਾਂ ਕਿਸੇ ਦਿਨ ਉਹ ਬਿਰਧ ਆਸ਼ਰਮ ਵੀ ਚਲੇ ਜਾਂਦੇ ਉਥੇ ਦੋਸਤ-ਮਿੱਤਰਾਂ ਨੂੰ ਮਿਲਕੇ ਘਰ ਆ ਜਾਂਦੇ।

ਆਪਣੇ ਕੰਮ ਵਿੱਚ ਬੜੇ ਮਾਹਰ ਸਨ ਤੇ ਆਪਣੇ ਕੰਮ ਦੇ ਨਿਯਮਾਂ ਦੀ ਪੂਰੀ ਜਾਣਕਾਰੀ ਰੱਖਦੇ ਸਨ। ਇਨ੍ਹਾਂ ਦੇ ਪੁਰਾਣੇ ਦੋਸਤ-ਮਿੱਤਰ ਇਨ੍ਹਾਂ ਕੋਲ ਅਕਸਰ ਨਸੀਹਤ ਜਾਂ ਕਲੈਰੀਫਿਕੇਸ਼ਨ ਲੈਣ ਲਈ ਆਉਂਦੇ ਰਹਿੰਦੇ ਸਨ। ਘਰ ਵਿੱਚ ਕੋਈ ਵੀ ਆਵੇ ਕਦੇ ਚਾਹ-ਪਾਣੀ ਤੋਂ ਬਿਨਾਂ ਨਹੀਂ ਗਿਆ। ਜਦੋਂ ਕਦੇ ਬਿਸਕੁਟ ਆਦਿਕ ਮੁੱਕੇ ਹੋਣ ਤਾਂ ਮੇਰੇ ਮੰਮੀ ਘਰ ਵਿੱਚ ਹੀ ਕੁੱਝ ਪਲਾਂ 'ਚ ਹੀ ਮੇਸੂ ਬਣਾ ਲੈਂਦੇ ਤੇ ਗਰਮ-ਗਰਮ ਸਰਵ ਕਰ ਦਿੰਦੇ।

ਮੇਰੇ ਪਾਪਾ ਸਵੇਰੇ ਚਾਰ-ਸਾਢੇ ਚਾਰ ਵਜੇ ਉੱਠ ਜਾਂਦੇ ਸਨ। ਮੇਰੇ ਮੰਮੀ ਮੱਝਾਂ ਨੂੰ ਪੱਠੇ ਪਾਣ, ਧਾਰਾਂ ਕੱਢਣ ਆਦਿਕ ਲੱਗ ਜਾਂਦੇ। ਮੇਰੇ ਪਾਪਾ 5 ਵਜੇ ਤੱਕ ਸੈਰ ਲਈ ਨਿਕਲ ਜਾਂਦੇ ਤੇ 6 ਕੁ ਵਜੇ ਵਾਪਸ ਆ ਜਾਂਦੇ। ਇਨ੍ਹਾਂ ਦਾ ਸਵੇਰ ਦੀ ਚਾਹ ਇਕੱਠੇ ਪੀਣ ਦਾ ਨਿਤਨੇਮ ਸੀ। ਕਦੇ ਚਾਹ ਮੇਰੇ ਮੰਮੀ ਬਣਾਉਂਦੇ ਤੇ ਕਦੀ ਮੇਰੇ ਪਾਪਾ। ਇਸ ਲਈ ਕਿਸੇ ਨੂੰ ਕਹਿਣਾ ਨਹੀਂ ਪੈਂਦਾ ਸੀ। ਇਹ ਆਪ-ਮੁਹਾਰੇ ਹੀ ਚਾਹ ਬਣਾਉਣ ਲੱਗ ਜਾਂਦੇ ਸਨ। ਜਿੰਨੇ ਚਿਰ ਮੇਰੇ ਪਾਪਾ ਦੀਆਂ ਲੱਤਾਂ ਚਲਦੀਆਂ ਰਹੀਆਂ ਇਨ੍ਹਾਂ ਨੇ ਕਦੇ ਸੈਰ ਨਹੀਂ ਛੱਡੀ। ਮੇਰੇ ਪਾਪਾ ਹਰ ਰੋਜ਼ ਦੇ ਖ਼ਰਚ ਦਾ ਮੋਟਾ-ਮੋਟਾ ਹਿਸਾਬ ਲਿੱਖ ਲੈਂਦੇ ਸਨ। ਕਦੇ ਵੀ ਇਹਨਾਂ ਨੇ ਕੋਈ ਪੁਰਾਣੀ ਖ਼ਰੀਦ ਬਾਰੇ ਦੇਖਣਾ ਹੁੰਦਾ ਤਾਂ ਇਨ੍ਹਾਂ ਨੂੰ ਝੱਟ ਆਪਣੀ ਡਾਇਰੀ ਚੋਂ ਮਿਲ ਜਾਂਦਾ ਸੀ।

ਜਦੋਂ ਮੇਰੇ ਦਾਦੀ ਜੀ ਜ਼ਿਆਦਾ ਬਿਰਧ ਹੋ ਗਏ ਤਾਂ ਆਪਣੇ ਚਾਰੇ ਪੁੱਤਰਾਂ ਪਾਸ ਵਾਰੀ ਵਾਰੀ ਜਾ ਕੇ ਰਹਿਣ ਲੱਗ ਪਏ। ਹਰ ਪੁੱਤਰ 100 ਰੁਪਏ ਮਹੀਨੇ ਦੇ ਬੇਬੇ ਜੀ ਨੂੰ ਖ਼ਰਚ ਲਈ ਦਿੰਦਾ ਸੀ। ਜਿਸ ਕੋਲ ਰਹਿੰਦੇ ਸਨ ਉਸ ਕੋਲੋਂ ਨਹੀਂ ਲੈਂਦੇ ਸਨ। ਇਸ ਵਿੱਚ ਕਿਸੇ ਪੁੱਤਰ ਨੇ ਕਦੇ ਕੋਈ ਕੁਤਾਹੀ ਨਹੀਂ ਕੀਤੀ ਤੇ ਬੇਬੇ ਜੀ ਦੀ ਉਮਰ ਭਰ ਇਹ ਹਿਸਾਬ ਠੀਕ ਚਲਦਾ ਰਿਹਾ। ਬੇਬੇ ਜੀ ਨੇ ਇਸ ਬਾਰੇ ਕਦੇ ਕੋਈ ਸ਼ਿਕਾਇਤ ਨਹੀਂ ਕੀਤੀ।

ਮੇਰੀ ਨੌਕਰੀ ਦਿੱਲੀ ਵਿਖੇ ਲੱਗੀ ਤਾਂ ਮੈਨੂੰ ਜਾਣ ਲੱਗਿਆਂ 800 ਰੁਪਏ ਦਿੱਤੇ ਜੋ ਮੇਰੇ ਮੰਮੀ ਨੇ ਮੇਰੇ ਕੱਛਾਂ ਹੇਠ ਜੇਬ ਬਣਾ ਕੇ ਉਪਰੋਂ ਸੀ ਦਿੱਤੇ। ਖ਼ਰਚੇ ਲਈ 100 ਰੁਪਏ ਅਲੱਗ ਜੇਬ 'ਚ ਰੱਖਣ ਲਈ ਦਿੱਤੇ। ਦਿੱਲੀ ਆ ਕੇ ਮੇਰੇ ਪੈਸੇ ਜਲਦੀ ਹੀ ਖ਼ਤਮ ਹੋ ਗਏ। ਮੈਂ ਹੋਰ ਪੈਸੇ ਮੰਗਵਾਏ ਤਾਂ ਮੇਰੇ ਪਾਪਾ ਨੇ ਪੈਸੇ ਤਾਂ ਭੇਜ ਦਿੱਤੇ ਪਰ ਨਾਲ ਇਹ ਵੀ ਨਸੀਹਤ ਦੇ ਦਿੱਤੀ ਕਿ 'ਨਾਓ ਲਰਨ ਟੂ ਸਪੋਰਟ ਯੂਅਰਸੈਲਫ਼' ਇਹ ਨਸੀਹਤ ਮੈਂ ਹਮੇਸ਼ਾਂ ਯਾਦ ਰੱਖੀ। ਫਿਰ ਕਦੀ ਪੈਸੇ ਆਪਣੇ ਪਾਪਾ ਤੋਂ ਨਾ ਮੰਗਵਾਏ।

ਮੇਰੇ ਪਾਪਾ ਬਹੁਤੇ ਖ਼ਰਚੀਲੇ ਨਹੀਂ ਸਨ। ਸਾਡਾ ਅੱਠ ਜਣਿਆਂ ਦਾ ਵੱਡਾ ਪਰਿਵਾਰ ਸੀ ਤਨਖ਼ਾਹ ਵੀ ਕੋਈ ਬਹੁਤੀ ਨਹੀਂ ਸੀ। ਫਿਰ ਵੀ ਮੇਰੇ ਪਾਪਾ ਕੁੱਝ ਨਾ ਕੁੱਝ ਜੋੜ ਹੀ ਲੈਂਦੇ ਸਨ। ਉਨ੍ਹਾਂ ਨੂੰ ਦੁਖ-ਤਕਲੀਫ਼ ਸਮੇਂ ਕਦੇ ਵੀ ਕਿਸੇ ਅੱਗੇ ਹੱਥ ਨਹੀਂ ਅੱਡਣੇ ਪਏ। ਆਪਣੀ ਹੈਸੀਅਤ ਅਨੁਸਾਰ ਸਾਡੇ ਛੇ ਭੈਣਾਂ-ਭਰਾਵਾਂ ਦੇ ਚੰਗੇ ਵਿਆਹ ਕੀਤੇ। ਸਾਨੂੰ ਹੋਸਟਲਾਂ 'ਚ ਰੱਖ ਕੇ ਪੜ੍ਹਾਇਆ। ਛੇਆਂ 'ਚ ਦੋ ਜਾਣੇ ਪੋਸਟ ਗ੍ਰੈਜੂਏਸ਼ਨ ਤੱਕ ਪੜ੍ਹੇ ਤੇ ਬਾਕੀ ਗ੍ਰੈਜੂਏਸ਼ਨ ਤੱਕ ਪੜ੍ਹੇ ਤੇ ਬੀ.ਐਡ.ਕੀਤੀ।

ਇੱਕ ਵਾਰੀ ਸਾਡੇ ਘਰ ਵਿੱਚ ਬਾਹਰਲੀ ਬੈਠਕ ਵਿੱਚ ਦਰਵਾਜ਼ਾ ਖੁੱਲ੍ਹਾ ਰਹਿ ਜਾਣ ਕਾਰਨ ਇੱਕ ਖ਼ਤਰਨਾਕ ਕਾਲਾ ਸੱਪ ਵੜ ਆਇਆ। ਉਹ ਮੇਰੇ ਪਾਪਾ ਨੇ ਇੱਕ ਦੋ ਗੁਆਂਢੀਆਂ ਨਾਲ ਮਿਲ ਕੇ ਹਾਕੀਆਂ ਨਾਲ ਕੁੱਟ-ਕੁੱਟ ਕੇ ਮਾਰ ਮੁਕਾਇਆ। ਮੇਰੇ ਪਾਪਾ ਨੂੰ ਮੇਲਿਆਂ ਵਿੱਚ ਜਾਣ ਦਾ ਬੜਾ ਸ਼ੌਕ ਸੀ। ਉਹ ਮੈਨੂੰ ਵੀ ਆਪਣੇ ਨਾਲ ਲੈ ਜਾਂਦੇ। ਉਥੇ ਕਵੀਸ਼ਰੀਆਂ ਸੁਣਦੇ ਅਤੇ ਕੁਸ਼ਤੀਆਂ, ਕਬੱਡੀ, ਗੋਲਾ ਸੁੱਟਣ ਦੀਆਂ ਖੇਡਾਂ ਵਿੱਚ ਖ਼ਾਸ ਦਿਲਚਸਪੀ ਲੈਂਦੇ। ਇੱਕ ਵਾਰੀ ਇੱਕ ਮੇਲੇ ਵਿੱਚ ਜਦੋਂ ਦੇਖਿਆ ਕਿ ਖਿਡਾਰੀ ਬਹੁਤ ਘੱਟ ਦੂਰ ਤੱਕ ਗੋਲਾ ਸੁਟ ਰਹੇ ਹਨ ਤਾਂ ਆਪ ਗੋਲਾ ਸੁੱਟਣ ਲੱਗ ਪਏ ਜੋ ਕਿ ਸਭ ਤੋਂ ਦੂਰ ਤੱਕ ਗਿਆ। ਉਦੋਂ ਮੇਰੇ ਪਾਪਾ ਦੀ ਉਮਰ 50 ਸਾਲ ਤੋਂ ਉਪਰ ਸੀ ਜੋ ਇਨਾਮ ਮਿਲਿਆ ਉਹ ਸਾਰਾ ਸੈਕੰਡ ਆਏ ਖਿਡਾਰੀ ਨੂੰ ਦੇ ਦਿੱਤਾ ਤੇ ਹੱਲਾ-ਸ਼ੇਰੀ ਦਿੱਤੀ ਅਤੇ ਕਿਹਾ ਕਿ ਇਹ ਖੇਡ ਬੜੀ ਮਿਹਨਤ ਪ੍ਰੈਕਟਿਸ ਅਤੇ ਹੁਨਰ ਮੰਗਦੀ ਹੈ। ਇਸਨੂੰ ਹੋਸ਼ ਅਤੇ ਜੋਸ਼ ਨਾਲ ਖੇਡੋ।

ਇਕ ਵਾਰ ਮੇਰੇ ਮੰਮੀ ਮੇਰੀ ਛੋਟੀ ਭੈਣ ਨੂੰ ਬਾਹਰ ਛੱਡਣ ਵਕਤ ਬਾਏ-ਬਾਏ ਕਰਦੇ ਕਰਦੇ ਘਰ ਦੀ ਡਿਉੜੀ ਵਿੱਚ ਗਿਰ ਗਏ। ਪਤਾ ਨਹੀਂ ਕਿਥੇ ਗੁੱਝੀ ਚੋਟ ਲੱਗੀ ਕਿ ਉਨ੍ਹਾਂ ਦੀ ਯਾਦਾਸ਼ਤ ਸਦਾ ਲਈ ਚਲੀ ਗਈ। ਬਸ ਉਸ ਦਿਨ ਤੋਂ ਰਸੋਈ ਦੀ ਰਾਣੀ ਸਾਡੀ ਮਾਂ ਕੰਮ ਕਰਨ ਤੋਂ ਇੱਕ ਦਮ ਅਸਮਰਥ ਹੋ ਗਈ। ਬਸ ਫਿਰ ਮੇਰੇ ਮੰਮੀ-ਪਾਪਾ ਮੋਗੇ ਤੇ ਫਿਰੋਜ਼ਪੁਰ ਮੇਰੀਆਂ ਛੋਟੀਆਂ ਭੈਣਾਂ ਦੇ ਘਰ ਵਾਰੀ-ਵਾਰੀ ਜਾਕੇ ਰਹਿੰਦੇ ਰਹੇ ਤੇ ਇਹ ਸਿਲਸਿਲਾ ਪੂਰੇ ਦਸ ਸਾਲ ਤੱਕ ਚਲਦਾ ਰਿਹਾ। ਕੁੱਝ ਸਮਾਂ ਉਹ ਮੇਰੇ ਪਾਸ ਆਕੇ ਰਹੇ ਪਰ ਮੇਰਾ ਘਰ ਪਹਿਲੀ ਮੰਜ਼ਿਲ 'ਤੇ ਹੋਣ ਕਰਕੇ ਮੇਰੇ ਪਾਪਾ ਨੂੰ ਚੜ੍ਹਨ-ਉਤਰਨ ਵਿੱਚ ਬੜੀ ਤਕਲੀਫ਼ ਹੁੰਦੀ ਸੀ। ਉਹ ਚਾਰ ਕੁ ਮਹੀਨੇ ਮੇਰੇ ਪਾਸ ਲਾ ਕੇ ਚਲੇ ਗਏ ਫਿਰ ਮੁੜ ਨਹੀਂ ਆਏ।

ਮੇਰੇ ਪਾਪਾ ਪਤਾ ਨਹੀਂ ਕਦੋਂ ਤੋਂ ਬਲੱਡ-ਸ਼ੂਗਰ ਦੇ ਮਰੀਜ਼ ਬਣ ਗਏ। ਉਹ ਡਾਕਟਰ ਦੀ ਦਿੱਤੀ ਦਵਾਈ ਤਾਂ ਲੈਂਦੇ ਸਨ ਪਰ ਮੌਕਾ ਮਿਲਿਆਂ ਥੋੜ੍ਹਾ ਮਿੱਠਾ ਵੀ ਖਾ ਲੈਂਦੇ ਸਨ। ਥੋੜ੍ਹਾ ਜਿਹਾ ਬਿਮਾਰ ਰਹਿ ਕੇ ਅੰਤ ਉਹ ਅਕਾਲ-ਚਲਾਣਾ ਕਰ ਗਏ।

ਉਨ੍ਹਾਂ ਦਿਨਾਂ ਵਿੱਚ ਮੇਰੇ ਵੱਡੇ ਭਾਈ ਪਾਸ ਉਨ੍ਹਾਂ ਦੇ ਘਰ ਫਰੀਦਕੋਟ ਵਿੱਚ ਰਹਿ ਰਹੇ ਸਨ। ਉਸ ਦੇ ਛੇ ਮਹੀਨੇ ਬਾਅਦ ਮੇਰੇ ਮੰਮੀ ਵੀ ਰੱਬ ਨੂੰ ਪਿਆਰੇ ਹੋ ਗਏ। ਜਿੰਨਾਂ ਚਿਰ ਜਿਉਂਦੇ ਰਹੇ ਮੇਰੇ ਮੰਮੀ-ਪਾਪਾ ਇੱਕ ਸੱਚੇ ਪਿਆਰ ਦੀ, ਸੱਚੀ ਦੋਸਤੀ ਦੀ, ਸਤਿਕਾਰ ਦੀ ਇੱਕ ਦੂਸਰੇ ਪ੍ਰਤੀ ਕੇਅਰ ਅਤੇ ਕਨਸਰਨ ਦੀ ਬੇਮਿਸਾਲ ਉਦਾਹਰਣ ਬਣੇ ਰਹੇ। ਸਾਨੂੰ ਉਹ ਕਦੇ ਲੜਦੇ-ਝਗੜਦੇ, ਬਹਿਸਦੇ ਨਜ਼ਰ ਨਹੀਂ ਆਏ। ਐਨੀ ਪਰਫੈਕਟ ਅੰਡਰਸਟੈਂਡਿੰਗ ਮੈਂ ਕਦੇ ਕਿਸੇ ਵਿੱਚ ਨਾ ਸੁਣੀ ਨਾ ਵੇਖੀ। ਸੱਚਮੁਚ ਹੀ ਉਨ੍ਹਾਂ ਦੋਹਾਂ ਦੇ ਸਰੀਰ ਅਲੱਗ ਅਲੱਗ ਸਨ ਪਰ ਜੋਤਿ ਦੋਹਾਂ ਵਿੱਚ ਇੱਕ ਹੀ ਸੀ। ਉਹ ਇੱਕ ਦੂਸਰੇ 'ਤੇ ਜਾਨ ਵਾਰਦੇ ਸਨ। ਉਹ ਬੜੇ ਸਿਦਕੀ ਤੇ ਸਿਰੜੀ ਸਨ। ਉਹ ਆਪਣੇ ਸੁੱਖ ਲਈ ਕਦੇ ਕਿਸੇ ਹੋਰ ਨੂੰ ਔਖ ਨਹੀਂ ਸਨ ਦਿੰਦੇ। ਉਹ ਪਿਆਰ ਦੇ ਸਾਗਰ ਸਨ-ਉਨ੍ਹਾਂ ਦਾ ਪਿਆਰ ਅਮੁਕ ਸੀ। ਉਹ ਇਕ ਦੂਸਰੇ ਦਾ ਇੱਕ ਪਲ ਲਈ ਵੀ ਵਿਸਾਹ ਨਹੀਂ ਕਰਦੇ ਸਨ। ਉਹ ਘਰ ਦੀ ਆਨ ਅਤੇ ਸ਼ਾਨ ਸਨ, ਸਾਡੇ ਸਭ ਦਾ ਦਾਰੋਮਦਾਰ ਸਨ ਸਾਡੀ ਜਿੰਦ ਅਤੇ ਜਾਨ ਸਨ। ਉਹ ਸਭ ਨਾਲ ਹਮੇਸ਼ਾਂ ਪਿਆਰ-ਸਤਿਕਾਰ ਨਾਲ ਰਹੇ। ਜੇ ਕਿਤੇ ਜੰਨਤ ਸੀ ਤਾਂ ਉਹ ਸਿਰਫ਼ ਸਾਡੇ ਘਰ ਵਿੱਚ ਸੀ। ਮੇਰੇ ਮੰਮੀ ਪਾਪਾ ਦੇ ਚਰਨਾਂ ਵਿੱਚ ਸੀ। ਸਾਨੂੰ ਸਦਾ ਹੀ ਉਨ੍ਹਾਂ ਤੋਂ ਚੰਗੇ ਸੰਸਕਾਰ ਅਸੀਸਾਂ ਤੇ ਅਥਾਹ ਪਿਆਰ ਅਤੇ ਨਿੱਘ ਹੀ ਮਿਲਦਾ ਰਿਹਾ।

# ਕਾਵਿ-ਕਿਆਰੀ

## ਲਫ਼ਜ਼ਾਂ ਦੀ ਲੋਏ-ਲੋਏ/ਹਰਬਖ਼ਸ਼ ਸਿੰਘ ਟਾਹਲੀ



ਪਿਛਲੇ ਜਨਮ ਵਿਚ ਮੈਂ ਤੇਰਾ ਪਿਆਰ ਹੰਢਾਇਆ
ਤੇ ਫਿਰ ਤੇਰੇ ਪਿਆਰ ਨੂੰ ਆਪਣੀ ਮੁੱਠੀ ਵਿਚ
ਬੰਦ ਕਰਕੇ ਮਰ ਗਿਆ।
ਤੇ ਜਦੋਂ ਮੇਰਾ ਇਹ ਜਨਮ ਹੋਇਆ,
ਮੇਰੀ ਮਾਂ ਨੇ ਮੇਰੀ ਬੰਦ ਮੁੱਠੀ ਖੋਹਲੀ
ਤੇਰਾ ਪਿਆਰ ਮੇਰੀ ਮੁੱਠੀ ਵਿਚੋਂ ਡਿਗ ਕੇ
ਮੇਰੇ ਆਲੇ ਦੁਆਲੇ ਖਿਲਰ ਗਿਆ।
ਮੇਰਾ ਆਪਾ ਸਰਸ਼ਾਰ ਹੋ ਗਿਆ।
ਮੈਂ ਤੇਰੀ ਹੋਂਦ ਇਕ ਵਾਰ ਮੈਸੂਸ ਕੀਤੀ
ਮੈਨੂੰ ਇੰਝ ਲੱਗਾ ਮੈਂ ਫਿਰ ਆਪਣੀ ਦੁਨੀਆਂ
ਵਿਚ ਆ ਗਿਆ ਹਾਂ।
ਮੈਨੂੰ ਮੈਸੂਸ ਹੋਇਆ ਜਿਵੇਂ ਤੇਰੇ ਮਾਉਲੀ ਸਾਹਾਂ
ਦੀ ਹਿੱਕ ਮੇਰੀ ਸਾਂਝ ਬਣੇਗੀ।
ਮੈਂ ਜਵਾਨ ਹੋਇਆ ਤੇ ਪਤਾ ਵੀ ਨਾ ਲੱਗਾ ਤੂੰ
ਕਿਸੇ ਪੁਰੇ ਦੀ ਹਵਾ ਉੱਤੇ ਸਵਾਰੀ ਕਰਕੇ ਆ ਗਈਂ
ਤੇ ਮੇਰੀ ਦੁਨੀਆਂ ਸਜਾ ਗਈ।
ਤੇ ਅੱਜ ਵਕਤ ਦੀ ਗੱਡੀ ਫਿਰ ਮੈਥੋਂ
ਛੁੱਟਦੀ ਜਾ ਰਹੀ ਹੈ। ਉਮਰਾਂ ਦੇ ਸੱਚ ਦਾ ਸੂਰਜ
ਚੜ੍ਹਦਾ ਵੀ ਹੈ ਤੇ ਢਲਦਾ ਵੀ ਹੈ
ਮੈਂ ਸ਼ਾਇਦ ਇਕ ਵਾਰ ਫਿਰ ਤੈਥੋਂ ਪਹਿਲਾਂ ਮਰਾਂ
ਜਾਂ ਪਿਛੋਂ ਮਰਾਂ-ਪਰ ਵਿਸ਼ਾ ਫਿਰ ਉਹੋ ਹੀ ਰਹੇਗਾ
ਤੇਰੇ ਪਿਆਰ ਨੂੰ ਆਪਣੀ ਮੁੱਠੀ ਵਿਚ ਬੰਦ ਕਰਕੇ
ਮਰ ਜਾਵਾਂਗਾ ਤੇ ਅਗਲੇ ਜਨਮ ਵਿਚ ਫਿਰ
ਮੇਰੀ ਮਾਂ ਮੇਰੀ ਮੁਠੀ ਨੂੰ ਖੋਹਲੇਗੀ ਤੇ ਤੇਰਾ ਪਿਆਰ
ਮੇਰੀ ਮੁਠੀ ਵਿਚੋਂ ਡਿੱਗ ਜਾਵੇਗਾ ਮੇਰਾ ਆਲਾ-ਦੁਆਲਾ
ਸ਼ਰਸ਼ਾਰ ਕਰ ਦੇਵੇਗਾ। ਇਹੋ ਹੀ ਮੇਰੀ ਭਗਤੀ ਹੈ
ਇਹੋ ਹੀ ਮੇਰੀ ਜਨਮ ਜਨਮ ਦੀ ਅਰਾਧਨਾ ਹੈ।

*****

## ਸ਼ਬਦਾਂ ਦੇ ਸੰਜੋਗ

* ਅਨਾੜੀ ਬੰਦੇ ਉੱਤੇ ਵਿਸ਼ਵਾਸ ਕਰਨਾ ਅਤੇ ਫਿਰ ਨਫ਼ੇ ਨੁਕਸਾਨ ਬਾਰੇ ਵੀ ਸੋਚਣਾ ਕਿਸੇ ਵੀ ਤਰ੍ਹਾਂ ਸਿਆਣਪ ਨਹੀਂ।
* ਦਿਲ ਵਿਚੋਂ ਨਿਕਲੀ ਗੱਲ ਦਾ ਫੈਸਲਾ ਜੇਕਰ ਦਿਮਾਗ਼ ਕੋਲੋਂ ਕਰਵਾਉਣਾ ਹੋਵੇ ਤਾਂ ਫੈਸਲਾ ਹਮੇਸ਼ਾ ਉਸ ਦੇ ਉਲਟ ਹੋਵੇਗਾ।
* ਰੇਪਿਸਟ ਲੋਕ ਭਰੂਣ ਹੱਤਿਆ ਨੂੰ ਪ੍ਰੋਤਸ਼ਾਹਿਤ ਕਰਦੇ ਹਨ। ਭਰੂਣ ਹੱਤਿਆ ਨੂੰ ਰੋਕਣ ਲਈ ਰੇਪਿਸਟਾਂ ਨੂੰ ਰੋਕਣਾ ਹੋਵੇਗਾ।
* ਜ਼ਾਲਮ ਹਾਕਮ, ਹਲਕਾਏ ਕੁੱਤੇ ਅਤੇ ਅੱਤਵਾਦੀ ਮਰਨ ਤੋਂ ਬਿਨਾਂ ਕਦੇ ਲੋਕਾਂ ਦਾ ਖਹਿੜਾ ਨਹੀਂ ਛੱਡਦੇ।
* ਬਹੁਤੇ ਪ੍ਰੇਮੀ ਅਕਸਰ ਮਿਲਾਪ ਹੋਣ ਤੋਂ ਪਹਿਲਾਂ ਹੀ ਬਦਨਾਮ ਹੋ ਜਾਂਦੇ ਹਨ, ਮਿਲਾਪ ਤੋਂ ਪਹਿਲਾਂ ਉਹ ਲੋਕਾਂ ਵਿਚ ਘੁੰਮਦੇ ਹਨ ਅਤੇ ਮਿਲਾਪ ਤੋਂ ਬਾਅਦ ਉਹ ਵੱਖਰੇ ਰਾਹਾਂ 'ਤੇ ਘੁੰਮਦੇ ਹਨ।
* ਅਤੰਕਵਾਦ ਹਮਲਾ ਕੇ ਇਕ ਥਾਂ 'ਤੇ ਕਰਦਾ ਹੈ ਪਰ ਚਿੰਤਾ ਸਾਰੇ ਦੇਸ਼ ਨੂੰ ਪਾ ਦਿੰਦਾ ਹੈ।
* ਜ਼ਿੰਦਗੀ ਦੇ ਇਸ ਲੰਬੇ ਸਫ਼ਰ ਨੂੰ ਅਕਸਰ ਛੋਟੀਆਂ-ਛੋਟੀਆਂ ਪੁਲਾਂਘਾ ਨਾਲ ਤਹਿ ਕਰਨਾ ਪੈਂਦਾ ਹੈ।
* ਥਾਣਿਆਂ ਵਿਚ ਬੈਠੇ ਜੱਜ ਅਤੇ ਕਚਿਹਰੀਆਂ ਵਿਚ ਬੈਠੇ ਜੱਜ ਬਹੁਤਾ ਅੰਤਰ ਨਹੀਂ ਹੁੰਦਾ, ਇਕ ਲਿਖਦਾ ਹੈ ਅਤੇ ਦੂਜਾ ਪੜ੍ਹ ਕੇ ਸੁਣਾਉਂਦਾ ਹੈ।
* ਬੁਧੀਮਾਨ ਉਹ ਨਹੀਂ ਹੁੰਦਾ ਜਿਸ ਨੇ ਬਹੁਤ ਕਿਤਾਬਾਂ ਪੜ੍ਹੀਆਂ ਹੋਣ ਸਗੋਂ ਬੁੱਧੀਮਾਨ ਉਹ ਹੁੰਦਾ ਹੈ ਜੋ ਆਪਣੀ ਥੋੜ੍ਹੀ ਵਿਦਿਆ ਨਾਲ ਲੋਕਾਂ ਨੂੰ ਪ੍ਰਭਾਵਿਤ ਕਰ ਜਾਂਦਾ ਹੈ।
* ਝੂਠ ਅਤੇ ਧੋਖੇ ਨਾਲ ਰਾਜ ਬਣਦੇ ਹਨ। ਆਯਾਸ਼ੀ, ਸ਼ੋਹਰਤ ਤੇ ਲਾਰਿਆਂ ਨਾਲ ਰਾਤ ਖ਼ਤਮ ਹੋ ਜਾਂਦੇ ਹਨ।

**ਹਰਬਖ਼ਸ਼ ਸਿੰਘ ਟਾਹਲੀ**

# ਤੰਦਰੁਸਤ ਰਹਿਣ ਵਾਸਤੇ ਸੁਖੈਣ ਤਰੀਕੇ

**ਵੈਦ ਮੇਘ ਨਾਥ**

ਹਰ ਮਨੁੱਖ ਦੀ ਇਹ ਇੱਛਾ ਬਣੀ ਰਹਿੰਦੀ ਹੈ ਕਿ ਮੈਂ ਤੰਦਰੁਸਤ ਰਹਾਂ, ਮੈਨੂੰ ਕੋਈ ਰੋਗ ਨਾ ਲੱਗੇ, ਮੈਂ ਸੁੱਖਾਂ ਨਾਲ ਲੰਮੀ ਉਮਰ ਭੋਗਾਂ। ਇਹ ਕੇਵਲ ਸੋਚਣ ਨਾਲ ਨਹੀਂ ਹੋ ਸਕਦਾ। ਸਿਆਣੇ ਵਿਦਵਾਨਾਂ ਨੇ ਆਯੁਰਵੇਦ ਵਿਧੀ ਅਨੁਸਾਰ ਤੰਦਰੁਸਤ ਰਹਿਣ ਦੇ ਬਹੁਤ ਹੀ ਸੁਖੈਣ ਤਰੀਕੇ ਦੱਸੇ ਹਨ ਜੇਕਰ ਗੁਰੂਆਂ ਮਹਾਂਪੁਰਸ਼ਾਂ ਦੀ ਮੱਤ ਅਨੁਸਾਰ ਅਸੀਂ ਚੱਲੀਏ ਤਾਂ ਸਾਡਾ ਮਨ ਵੀ ਅਤੇ ਤਨ ਵੀ ਤੰਦਰੁਸਤ ਰਹਿ ਸਕਦਾ ਹੈ ਜਿਵੇਂ ਕਿ ਗੁਰਬਾਣੀ ਦਾ ਫੁਰਮਾਨ ਹੈ –

**ਕਰਿ ਇਸ਼ਨਾਨ ਸਿਮਰ ਪ੍ਰਭੁ ਅਪਨਾ**

**ਮਨ ਤਨ, ਭਇ ਅਰੋਗਾ।** **(ਸੋਰਠ ਮਹੱਲਾ ਪੰਜਵਾਂ)**

ਸਭ ਤੋਂ ਪਹਿਲਾਂ ਸਾਧਨ ਸਰੀਰ ਅਤੇ ਮਨ ਹੈ ਪਰ ਮੁੱਖ ਦਸ ਇੰਦਰੀਆਂ ਹਨ (ਪੰਜ ਕਰਮ ਇੰਦਰੀਆਂ ਪੰਜ ਗਿਆਨ ਇੰਦਰੀਆਂ)

1. **ਕਰਮ ਇੰਦਰੀਆਂ** - ਹੱਥ, ਪੈਰ, ਮੂੰਹ, ਪਿਸ਼ਾਬ, ਮਲ਼ ਦੁਆਰਾ ਆਦਿ ਇਹ ਪੰਜ ਕਰਮ ਇੰਦਰੀਆਂ ਹਨ।

1. **ਗਿਆਨ ਇੰਦਰੀਆਂ** - ਅੱਖ, ਨੱਕ, ਕੰਨ, ਜੀਭ, ਚਮੜੀ ਜਿਨ੍ਹਾਂ ਨਾਲ ਦੇਖਣਾ, ਸੁੰਘਣਾ, ਸੁਣਨਾ, ਸੁਆਦ ਚੱਖਣਾ ਅਤੇ ਸਪਰਸ਼ ਕਰਨਾ ਇਹ ਪੰਜ ਗਿਆਨ ਇੰਦਰੀਆਂ ਅਤੇ ਉਹਨਾਂ ਦੇ ਕਰਮ ਹਨ। ਮਨ ਅਤੇ ਸਰੀਰ ਤੰਦਰੁਸਤ ਰਹਿਣਾ ਹੀ ਤੰਦਰੁਸਤੀ ਹੈ ਆਯੁਰਵੇਦ ਵਿਚ ਲਿਖਿਆ ਹੈ–

ਬਾਤ, ਪਿੱਤ, ਕਫ਼ (ਹਵਾ, ਪਾਣੀ, ਅੱਗ) ਸਮਾਨ ਹੋਣ ਪੇਟ ਦੀ ਅਗਨੀ ਸਮ ਹੋਵੇ ਜਿਵੇਂ ਕਿ ਸਮੇਂ ਸਿਰ ਭੁੱਖ ਲੱਗਣੀ ਤੇ ਖਾਣਾ ਹਜ਼ਮ ਹੋ ਜਾਣਾ ਜੋ ਅਸੀਂ ਖੁਰਾਕ ਖਾਂਦੇ ਹਾਂ ਉਸ ਦੀਆਂ 7 ਧਾਤੂ ਬਣਦੀਆਂ ਹਨ – 1. ਰਸ ਧਾਤੂ, 2. ਰਕਤ ਧਾਤੂ, 3. ਮਾਸ ਧਾਤੂ, 4. ਮੇਦ ਧਾਤੂ (ਚਰਬੀ), 5. ਅਸਤੀ ਧਾਤੂ (ਹੱਡੀ), 6. ਮੱਜਾ ਧਾਤੂ (ਹੱਡੀਆਂ ਅੰਦਰ ਲਾ ਤਰਲ), 7. ਵੀਰਜ਼ ਧਾਤੂ, ਇਹ ਸਮ ਹੋਣ ਸਮੇਂ ਸਿਰ ਮਲ਼ ਮੂਤਰ ਦਾ ਤਿਆਗ ਹੁੰਦਾ ਹੋਵੇ, ਮਨ ਆਤਮਾ ਪ੍ਰਸੰਨ ਹੋਣ ਤਾਂ ਆਯੁਰਵੇਦ ਅਨੁਸਾਰ ਇਹ ਤੰਦਰੁਸਤੀ ਦੇ ਲੱਛਣ ਹਨ। ਦੁਨੀਆਂ ਵਿਚ ਬੇਅੰਤ ਪਦਾਰਥ ਹਨ, ਇਹਨਾਂ ਦਾ ਸੁੱਖ ਭੋਗਣ ਲਈ ਸਭ ਤੋਂ ਵੱਡਾ ਪਦਾਰਥ ਤੰਦਰੁਸਤੀ ਹੈ। ਸਰੀਰ ਨੂੰ ਰਿਸ਼ਟ ਪੁਸ਼ਟ, ਨਿਰੋਗ ਰੱਖਣ ਵਾਸਤੇ ਸੁਖੈਣ ਤਰੀਕੇ ਹੇਠਾਂ ਲਿਖੇ ਜਾ ਰਹੇ ਹਨ ਜੋ ਹਰ ਇਕ ਲਈ ਲਾਭਕਾਰੀ ਹਨ–

1. ਸਵੇਰੇ ਅੰਮ੍ਰਿਤ ਵੇਲੇ ਚਾਰ ਵਜੇ ਬ੍ਰਹਮ ਮਹੂਰਤ (ਰਾਤ ਦਾ ਚੌਥਾ ਪਹਿਰ) ਉੱਠਣਾ ਚਾਹੀਦਾ ਹੈ ਸੌਣ ਲਈ 6 ਘੰਟੇ ਬਹੁਤ ਹਨ ਹੱਥ ਮੂੰਹ ਧੋ ਕੇ ਕੁਰਲਾ ਕਰਕੇ ਪਾਣੀ ਪੀਵੇ ਤਾਂ ਗਰਮੀ ਦੇ ਰੋਗ ਤੇ ਕਬਜ਼ ਦੂਰ ਰਹਿੰਦੇ ਹਨ ਅਤੇ ਸਰੀਰ ਫੁਰਤੀਲਾ ਹੁੰਦਾ ਹੈ।



2. ਸਵੇਰੇ ਖਾਲੀ ਪੇਟ 1 ਤੋਂ ਅੱਧਾ ਘੰਟਾ ਕੋਈ ਨਾ ਕੋਈ ਕਸਰਤ ਜਾਂ ਯੋਗਾ ਅਭਿਆਸ ਜ਼ਰੂਰ ਕਰੇ ਜਾਂ ਇਕ ਹੀ ਥਾਂ ਤੇ ਮੂੰਹ ਬੰਦ ਕਰਕੇ ਖੜ੍ਹਾ–ਖੜ੍ਹਾ ਦੌੜੇ, ਜਾਂ ਪਾਣੀ ਵਿਚ ਤੈਰਨਾ ਜਾਂ ਪੈਰੀਂ ਚੱਲ ਕੇ ਸੈਰ ਕਰਨੀ, ਇਹ ਕਸਰਤ ਤੰਦਰੁਸਤੀ ਲਈ ਲਾਭਕਾਰੀ ਹੈ।

3. ਸਵੇਰੇ ਦਿਸ਼ਾ (ਟੱਟੀ) ਜਾਣ ਤੋਂ ਬਾਅਦ ਦੰਦਾਂ ਦੀ ਰੱਖਿਆ ਲਈ ਆਯੁਰਵੈਦਿਕ ਮੰਜ਼ਨ ਜਾਂ ਕਿੱਕਰ ਦੀ ਦਾਤਨ ਚੱਬ–ਚੱਬ ਕੇ ਕਰਨੀ ਚਾਹੀਦੀ ਹੈ ਕਿਉਂਕਿ ਦਾਤਨ ਨਾਲ ਦੰਦਾਂ ਦੀ ਕਸਰਤ ਹੁੰਦੀ ਹੈ ਬੁਰਸ਼ ਦੀ ਬਜਾਏ ਦਾਤਨ ਬਹੁਤ ਅੱਛੀ ਹੈ।

4. ਹਰ ਰੋਜ਼ ਤਾਜ਼ੇ ਪਾਣੀ ਨਾਲ ਜਾਂ ਰੁੱਤ ਅਨੁਸਾਰ ਅਨਕੂਲ ਪਾਣੀ ਨਾਲ ਇਸ਼ਨਾਨ ਕਰੇ, ਸਰ੍ਹੋਂ ਜਾਂ ਤਿਲਾਂ ਦਾ ਤੇਲ ਸਿਰ ਤੇ ਲਾਵੇ ਜਾਂ ਕੋਈ ਸੁਗੰਧਤ ਤੇਲ ਔਲ਼ਾ, ਬ੍ਰਹਮੀ ਆਦਿ ਲਾਵੇ ਕੇਸਾਂ ਦੀ ਸਫ਼ਾਈ ਲਈ ਕੰਘਾ ਜ਼ਰੂਰ ਕਰੇ।

5. ਆਤਮ ਅਤੇ ਮਾਨਸਿਕ ਬਲ ਵਾਸਤੇ ਆਪੋ–ਆਪਣੇ ਧਰਮ ਅਨੁਸਾਰ ਪ੍ਰਮਾਤਮਾ ਨੂੰ ਯਾਦ ਕਰਨਾ ਅਤਿ ਜ਼ਰੂਰੀ ਹੈ।

6. ਚੰਗੀ ਭੁੱਖ ਲੱਗੀ ਤੋਂ ਹੀ ਵੈਸ਼ਨੂੰ ਤਾਜ਼ਾ ਭੋਜਨ (ਹਲਕਾ ਪੋਸ਼ਟਿਕ) ਪ੍ਰਸੰਨ ਚਿੱਤ ਹੋ ਕੇ ਸ਼ਾਂਤ ਮਨ ਨਾਲ ਹੌਲੀ-ਹੌਲੀ ਚਬਾ-ਚਬਾ ਕੇ ਖਾਣਾ ਚਾਹੀਦਾ ਹੈ ਸੰਤੁਲਤ ਸਾਫ਼ ਤਾਜ਼ੀਆਂ ਹਰੀਆਂ ਸਬਜ਼ੀਆਂ, ਮੌਸਮੀ ਫਲ, ਸਲਾਦ, ਮੋਟੀ ਛਾਨਨੀ ਨਾਲ ਛਾਨਿਆ ਆਟਾ (ਚੋਕਰ) ਦੁੱਧ, ਦਹੀਂ, ਮੱਖਣ, ਪਨੀਰ, ਦਾਲਾਂ ਦੀ ਵਰਤੋਂ ਪੋਸ਼ਟਿਕ ਤੱਤਾਂ ਦੀ ਪੂਰਤੀ ਕਰਦੇ ਹਨ ਤੇ ਸਰੀਰ ਨੂੰ ਨਿਰੋਲ ਰੱਖਣ ਵਿਚ ਸਹਾਇਕ ਹਨ।

7. ਖੁਰਾਕ ਠੀਕ ਪੱਚਣ ਵਾਸਤੇ ਭੋਜਨ ਨਾਲ ਜ਼ਿਆਦਾ ਪਾਣੀ ਨਹੀਂ ਪੀਣਾ ਚਾਹੀਦਾ ਅੱਧਾ ਘੰਟਾ ਜਾਂ 1 ਘੰਟਾ ਬਾਅਦ ਪਾਣੀ ਪੀਣਾ ਚਾਹੀਦਾ ਹੈ।

8. ਭੋਜਨ ਛੱਕਣ ਤੋਂ ਬਾਅਦ ਕੁਰਲਾ ਕਰਕੇ ਹੱਥ ਸਾਫ਼ ਕਰਕੇ ਗਿੱਲੇ ਗਿੱਲੇ ਹੱਥ ਮੂੰਹ ਤੇ ਅੱਖਾਂ ਤੇ ਮਲੋ ਅੱਖਾਂ ਤੇ ਮਲ਼ਣ ਨਾਲ ਅੱਖਾਂ ਦੀ ਜੋਤ ਵੱਧਦੀ ਹੈ ਮੁੱਖ ਦੀ ਸੁੰਦਰਤਾ ਵੱਧਦੀ ਹੈ।

9. ਪਿਸ਼ਾਬ ਦੇ ਰੋਗ (ਪੱਥਰੀ ਆਦਿ) ਤੋਂ ਬਚਣ ਵਾਸਤੇ ਭੋਜਨ ਛੱਕਣ ਤੋਂ ਬਾਅਦ ਪਿਸ਼ਾਬ ਕਰਨਾ ਅਤਿ ਜ਼ਰੂਰੀ ਹੈ।



10. ਸਰਦੀ ਦੇ ਮੌਸਮ ਵਿਚ ਪੇਟ ਦੀ ਅਗਨੀ ਵਧੀ ਰਹਿੰਦੀ ਹੈ ਇਸ ਕਰਕੇ ਦੇਸੀ ਘੀ, ਦੁੱਧ ਵਗੈਰਾ ਪੋਸ਼ਟਿਕ ਪਦਾਰਥਾਂ ਦੀ ਵਰਤੋਂ ਕਰਨੀ ਤੰਦਰੁਸਤੀ ਲਈ ਲਾਭਕਾਰੀ ਹੈ।

11. ਗਰਮੀ ਦੇ ਮੌਸਮ ਵਿਚ ਨਿੰਬੂ, ਇਮਲੀ, ਕੱਚਾ ਅੰਬ, ਧਨੀਆਂ, ਪੁਦੀਨਾ ਆਦਿ ਦੀ ਵਰਤੋਂ ਕਰਨੀ ਲਾਭਕਾਰੀ ਹੈ। ਘੱਟ ਭੋਜਨ ਖਾਣ ਨਾਲ ਹੈਜ਼ਾ, ਦਸਤ, ਉਲਟੀਆਂ ਆਦਿ ਪ੍ਰਾਣ ਘਾਤਕ ਰੋਗਾਂ ਦਾ ਡਰ ਨਹੀਂ ਰਹਿੰਦਾ।

12. ਮਹੀਨੇ ਵਿਚ ਚਾਰ ਵਾਰ ਜਾਂ ਕਮ ਸੇ ਕਮ ਦੋ ਵਾਰ ਉਪਵਾਸ (ਬਰਤ) ਰੱਖਣ ਨਾਲ ਸਰੀਰ ਤੇ ਅੱਖਾਂ ਨੂੰ ਵਿਸ਼ੇਸ਼ ਲਾਭ ਹੁੰਦਾ ਹੈ। ਬਰਤ ਇਸ ਕਰਕੇ ਰੱਖਣਾ ਜ਼ਰੂਰੀ ਹੈ ਜੋ ਭੋਜਨ ਪੇਟ ਵਿਚ ਪੱਕਣ ਸਮੇਂ ਕੱਚਾ ਰਹਿ ਜਾਂਦਾ ਹੈ ਉਹ ਕੱਚਾ ਆਮ ਰਸ ਬਰਤ ਸਮੇਂ ਪਚਾ ਕੇ ਮਿਹਦਾ ਤੇ ਆਤਾਂ (ਅੰਤੜੀਆਂ) ਸਾਫ਼ ਹੋ ਜਾਂਦੀਆਂ ਹਨ। ਆਯੁਰਵੇਦ ਅਨੁਸਾਰ ਕੱਚੇ ਰਸ ਨੂੰ ਆਮ ਕਹਿੰਦੇ ਹਨ। ਜਿਸ ਨਾਲ ਸਰੀਰ ਵਿਚ ਅਨੇਕਾਂ ਰੋਗ ਪੈਦਾ ਹੁੰਦੇ ਹਨ ਜਿਵੇਂ ਕਿ ਆਲਸ, ਨਜ਼ਲਾ, ਪੇਟ ਗੈਸ, ਚੱਕਰ, ਕਬਜ਼ ਜਾਂ ਮਰੋੜ, ਸਿਰਦਰਦ, ਆਮਵਾਤ (ਗਠੀਆ) ਮਧੂਮੇਹ (ਸ਼ੂਗਰ) ਪੇਟ ਦੇ ਰੋਗ ਅਤੇ ਸਵਾਇਨਫਲੂ ਅਤੇ ਕੈਂਸਰ ਜੈਸੇ ਭਿਆਨਕ ਰੋਗਾਂ ਦਾ ਆਮ ਰਸ ਕਾਰਣ ਹੈ। ਬਰਤ ਰੱਖਣ ਨਾਲ ਉਪਰੋਕਤ ਰੋਗਾਂ ਤੋਂ ਪੂਰੀ ਤਰ੍ਹਾਂ ਬਚਿਆ ਜਾ ਸਕਦਾ ਹੈ।

13. ਬਰਤ ਵਾਲੇ ਦਿਨ ਪਾਣੀ, ਦੁੱਧ, ਫ਼ਲ, ਨਿੰਬੂ ਦੀ ਸਿਕੰਜਵੀਂ ਫ਼ਲਾਂ ਦਾ ਜੂਸ ਕੋਈ ਹਲਕਾ ਫ਼ਲ ਘੱਟ ਮਾਤਰਾ ਵਿਚ ਖਾਣਾ ਅੱਛਾ ਹੈ ਬਰਤ ਵਾਲੇ ਦਿਨ ਕੋਈ ਨਿੱਗਰ ਤਲੀ ਚੀਜ਼ ਖਾਣੀ ਹਾਨੀਕਾਰਕ ਹੈ।

14. ਸਰੀਰ ਵਿਚ ਅਮੋਲਕ ਰਤਨ ਅੱਖਾਂ ਹਨ ਜਿਨ੍ਹਾਂ ਦੀ ਰੱਖਿਆ ਕਰਨੀ ਜ਼ਰੂਰੀ ਹੈ ਦਿਨ ਵਿਚ 2 ਵਾਰੀ ਠੰਡੇ ਪਾਣੀ ਦੇ ਲੱਗਭਗ 14-15 ਵਾਰੀ ਛਿੱਟੇ ਮਾਰ ਕੇ ਅੱਖਾਂ ਦਾ ਇਸ਼ਨਾਨ ਕਰਾਵੇ। ਸੂਰਜ ਚੜ੍ਹਨ ਤੋਂ 1 ਘੰਟਾ ਬਾਅਦ ਅੱਖਾਂ ਬੰਦ ਕਰਕੇ ਸੂਰਜ ਦੀ ਤਰਫ਼ ਇਕ ਮਿੰਟ ਅੱਖਾਂ ਬੰਦ ਕਰਕੇ ਬੈਠਣ ਨਾਲ ਅੱਖਾਂ ਦੀ ਜੋਤ ਵੱਧਦੀ ਹੈ।

15. ਜਿਨ੍ਹਾਂ ਦੀ ਨਿਗ੍ਹਾ ਵਿਚ ਖਰਾਬੀ ਹੈ ਉਹਨਾਂ ਨੂੰ ਛੇਤੀ ਹੀ ਨੇਤ੍ਰ ਵਿਸ਼ੇਸ਼ਕ ਚਿਕਿੱਤਸਕ ਤੋਂ ਜਾਂਚ ਕਰਾਉਣੀ ਚਾਹੀਦੀ ਹੈ।

16. ਮਨ ਪਾਨ (ਸ਼ਰਾਬ ਪੀਣੀ) ਬਿਲਕੁਲ ਬਿਵਰਜ਼ਚਤ ਹੈ। ਤੇਜ਼ ਰੌਸ਼ਨੀ, ਧੂੜ, ਧੂਆਂ ਤੇ ਕੁਸੰਗਤ ਤੋਂ ਬਚਣਾ ਚਾਹੀਦਾ ਹੈ ਇਹ ਸਮਾਜਿਕ, ਆਰਥਿਕ (ਧਨ) ਅਤੇ ਸਰੀਰ ਲਈ ਹਾਨੀਕਾਰਕ ਹਨ। ਜ਼ਿਆਦਾ ਠੰਡੀਆਂ, ਜ਼ਿਆਦਾ ਗਰਮ, ਜ਼ਿਆਦਾ ਖੱਟੀਆਂ, ਰਾਤ ਨੂੰ ਮੂਲੀ ਅਤੇ ਦਹੀਂ ਖਾਣੀ, ਮਾਸ ਅੰਡਾ, ਸ਼ਰਾਬ ਆਦਿ ਸਿਹਤ ਲਈ ਅਤਿਅੰਤ ਹਾਨੀਕਾਰਕ ਹਨ।

17. ਠੰਡੇ ਪਾਣੀ ਨਾਲ ਜਾਂ ਮੌਸਮ ਅਨੁਸਾਰ ਹੱਥ ਪੈਰ ਧੋ ਕੇ ਪੈਰਾਂ ਦੀਆਂ ਤਲੀਆਂ ਤੇ ਤੇਲ ਦੀ ਮਾਲਸ਼ ਕਰਕੇ ਸੌਣ ਨਾਲ ਅੱਛੀ ਨੀਂਦ ਆ ਜਾਂਦੀ ਹੈ ਅਤੇ ਮਾੜੇ ਸੁਪਨੇ ਆਉਣ ਦਾ ਭੈਅ ਨਹੀਂ ਰਹਿੰਦਾ।

18. ਲੰਮੀ ਉਮਰ ਦੀ ਤੰਦਰੁਸਤੀ ਅਤੇ ਉਮਰ ਭੋਗਣ ਲਈ ਅੱਛੀ ਨੀਂਦ ਤੇ ਬ੍ਰਹਮਚਰੀਏ ਦਾ ਪਾਲਣ ਕਰਨਾ ਮਨੁੱਖਤਾ ਲਈ ਲਾਭਕਾਰੀ ਹੈ।

19. ਆਪਣੇ ਵਰਤਮਾਨ ਸਮੇਂ ਨੂੰ ਧਿਆਨ ਨਾਲ ਅੱਛੇ ਕੰਮ ਵਿਚ ਮਨ ਨੂੰ ਲਾਵੇ।

20. ਜੀਵਨ ਵਿਚ ਪਵਿੱਤਰਤਾ ਅਪਨਾਵੇ ਪ੍ਰਮਾਤਮਾ ਦੀ ਸ੍ਰਿਸ਼ਟੀ ਨੂੰ ਪ੍ਰਮਾਤਮਾ ਰੂਪ ਸਮਝ ਕੇ ਪ੍ਰੇਮ ਕਰੇ ਅਤੇ ਸਦਾ ਪ੍ਰਸੰਨ ਖੁਸ਼ ਰਹੇ। ਤ੍ਰਿਸ਼ਨਾ, ਕਾਮ, ਕ੍ਰੋਧ, ਮੋਹ, ਹੰਕਾਰ ਨੂੰ ਸੰਜਮ ਵਿਚ ਰੱਖਣਾ ਸੁਖਦਾਈ ਹੈ।

21. ਹਰ ਵੇਲੇ ਮਨ ਵਿਚ ਨਿਮਰਤਾ ਅਤੇ ਮਿੱਠੀ ਬਾਣੀ ਦਾ ਪ੍ਰਯੋਗ ਕਰੋ। ਮਨ ਵਿਚ ਕੋਈ ਐਸੀ ਗੱਲ ਕਦੀ ਨਾ ਸੋਚੋ ਜਿਸ ਨਾਲ ਕਿਸੇ ਦਾ ਦਿਲ ਦੁਖੀ ਹੁੰਦਾ ਹੋਵੇ। ਹਮੇਸ਼ਾ ਐਸਾ ਕਰਮ ਕਰੋ ਜਿਸ ਨਾਲ ਸਮਾਜ ਵਿਚ ਕਿਸੇ ਨੂੰ ਵੀ ਹਾਨੀ ਨਾ ਹੁੰਦੀ ਹੋਵੇ। ਆਪਣੇ ਆਪ ਨੂੰ ਸਵਾਰੋ ਅਤੇ ਮਹਾਂਪੁਰਸ਼ਾਂ ਦੀ ਸੰਗਤ ਕਰੋ ਜਿਵੇਂ ਕਿ ਬਾਬਾ ਫ਼ਰੀਦ ਜੀ ਦਾ ਫੁਰਮਾਨ ਹੈ -

**ਆਪ ਸਵਾਰਹਿ ਮਿਲਹਿ, ਮੈ ਮਿਲਿਐ ਸੁਖ ਹੋਏ**
**ਫ਼ਰੀਦਾ ਜੇ ਤੂੰ ਮੇਰਾ ਹੋਇ ਰਹਹਿ, ਸਭ ਜਗ ਤੇਰਾ ਹੋਏ**
**ਫ਼ਰੀਦਾ ਬੁਰੇ ਦਾ ਭਲਾ ਕਰ ਗੁੱਸਾ ਮਨ ਨਾ ਹੰਢਾਏ**
**ਦੇਹੀ ਰੋਗ ਨਾ ਲਾਗਈ, ਪਲੈ ਸਭ ਕਿਛ ਪਾਏ।**

22. ਸਰੀਰ ਸਾਧਨ ਲਈ ਕਿਰਤ ਕਰਨੀ, ਕੀਤੀ ਕਮਾਈ ਵਿਚੋਂ ਲੋੜਵੰਦਾਂ ਦੀ ਸੇਵਾ ਹਿੱਤ ਦਸਵੰਧ ਦੇਣਾ ਇਨਸਾਨੀਅਤ ਦਾ ਫਰਜ਼ ਹੈ।

23. ਭੋਜਨ ਖਾਣ ਤੋਂ ਬਾਅਦ ਸਿੱਧੇ ਲੇਟ ਕੇ ਲੰਮੇ ਲੰਮੇ ਅੱਠ ਸਾਹ ਲਵੋ ਫਿਰ ਖੱਬੇ ਲੇਟ ਕੇ ਸੋਲਾਂ ਸਾਹ ਲਓ ਫਿਰ ਸੱਜੇ ਪਾਸੇ ਲੇਟ ਕੇ ਬੱਤੀ ਸਾਹ ਲਵੋ ਫਿਰ ਸੌ ਕਦਮ ਤੁਰੋ। ਇਸ ਤਰ੍ਹਾਂ ਕਰਨ ਨਾਲ ਪਾਚਣ ਸ਼ਕਤੀ ਠੀਕ ਰਹਿੰਦੀ ਹੈ।

24. ਖਿਮਾ, ਦਯਾ, ਨਿਮਰਤਾ, ਮਿੱਠਤਾ ਸੰਤੋਖ ਇਹ ਗੁਣ ਧਾਰਨ ਨਾਲ ਮਨ ਹਰ ਵੇਲੇ ਸ਼ਾਂਤ ਅਤੇ ਅਨੰਦ ਵਿਚ ਰਹਿੰਦਾ ਹੈ।

# ਸ਼ੋਕ ਸਮਾਚਾਰ



ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ. ਗੁਰਦੀਪ ਸਿੰਘ ਸਪੁੱਤਰ ਸ. ਸੁਖਜੀਤ ਸਿੰਘ ਮਾਤਾ ਸ਼੍ਰੀਮਤੀ ਅਵਿਨਾਸ਼ ਕੌਰ ਵਾਸੀ ਯੂ.ਐਸ.ਏ. ਦਾ ਜਨਮ ਮਿਤੀ 14-11-1987 ਨੂੰ ਪਿੰਡ ਸਡੋਰਾ ਵਿਖੇ ਹੋਇਆ ਸੀ। ਮਿਤੀ-04-06-2018 ਨੂੰ 31 ਸਾਲ ਦੀ ਆਯੂ ਭੋਗ ਕੇ ਪਰਲੋਕ ਸੁਧਾਰ ਗਏ ਹਨ। ਆਪ ਜੀ ਨੇ ਆਪਣੀ ਪੜ੍ਹਾਈ 10ਵੀਂ 2003 ਵਿਚ ਸਡੋਰਾ ਸੀ.ਬੀ.ਐਸ.ਈ. ਤੋਂ ਪਹਿਲੇ ਦਰਜੇ ਨਾਲ ਪਾਸ ਕੀਤੀ ਅਤੇ 12ਵੀਂ 2005 ਵਿਚ ਐਸ.ਡੀ. ਪਬਲਿਕ ਸਕੂਲ ਸੀ.ਬੀ.ਐਸ.ਈ. ਜਗਾਦਰੀ ਵਿਚ ਪਹਿਲੇ ਦਰਜੇ ਨਾਲ ਪਾਸ ਕਰਨ ਤੋਂ ਬਾਅਦ ਆਸਟਰੇਲੀਆ ਚਲੇ ਗਏ ਸਨ ਅਤੇ ਇੱਥੇ ਹੋਟਲ ਮੈਨੇਜਮੈਂਟ ਦਾ ਡਿਪਲੋਮਾਂ ਕੀਤਾ। ਸੰਨ 2014 ਵਿਚ ਆਪ ਯੂ.ਐਸ.ਏ. ਚਲੇ ਗਏ। ਇਹਨਾਂ ਦੀ ਭੈਣ ਸ਼੍ਰੀਮਤੀ ਕਮਲਜੀਤ ਕੌਰ ਅਤੇ ਜੀਜਾ ਸ਼੍ਰੀ ਰੋਹਿਤ ਜੋ ਯੂ.ਐਸ.ਏ. ਰਹਿੰਦੇ ਹਨ। ਸ. ਗੁਰਦੀਪ ਸਿੰਘ ਜੀ ਦਾ ਅੰਤਿਮ ਸੰਸਕਾਰ ਮਿਤੀ 07-06-2018 ਨੂੰ ਅਮਰੀਕਾ ਵਿਖੇ ਕੀਤਾ ਗਿਆ। ਸਾਰੀ ਸੰਗਤ ਨੇ ਉਨ੍ਹਾਂ ਦੀ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਲਈ ਅਕਾਲ ਪੁਰਖ਼ ਅੱਗੇ ਅਰਦਾਸ ਕੀਤੀ। ਪਰਿਵਾਰ ਵੱਲੋਂ 11,000/-ਰੁ: ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ ਨੂੰ ਦਾਨ ਵਜੋਂ ਅਰਦਾਸ ਕੀਤੀ ਗਈ ਜੋ ਸ. ਲਖਵਿੰਦਰ ਸਿੰਘ ਵਾਸੀ ਸੈਕਟਰ-68, ਮੋਹਾਲੀ ਰਾਹੀਂ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ ਤੱਕ ਪਹੁੰਚਾਏ ਗਏ। ਫਾਉਂਡੇਸ਼ਨ ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਹਮਦਰਦੀ ਜ਼ਾਹਿਰ ਕਰਦੀ ਹੈ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੀ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

**ਸ. ਜਗੀਰ ਸਿੰਘ ਲਾਲੀਆ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ**
**ਫਾਉਂਡੇਸ਼ਨ ਚੰਡੀਗੜ੍ਹ।**

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਨੂੰ ਮਾਇਆ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 26-10-2018 ਤੋਂ 16-11-2018

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ<br>ਸੈਕਟਰ-30ਏ, ਚੰਡੀਗੜ੍ਹ। ਮਕਾਨ ਨੰ-1838, ਸੈਕਟਰ-7, ਮੋਹਾਲੀ। | 3600/- | ਆਈ-95 | 26-10-2018 |
| 2. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ<br>ਅਤੇ ਸ. ਬਲਵਿੰਦਰ ਸਿੰਘ ਮੁਲਤਾਨੀ ਵਾਇਸ ਪ੍ਰਧਾਨ (ਕਮਰੇ ਨੰ- 1 ਲਈ ਦਾਨ ਕੀਤੇ) | 2500+2500=5000 | ਆਈ-96 | 27-10-2018 |
| 3. | ਸਰਦਾਰਨੀ ਜੀਤ ਕੌਰ<br>ਪਤਨੀ ਲੇਟ. ਸ. ਐਮ.ਐਸ. ਲੁਬਾਣਾ ਸੈਸ਼ਨ ਜੱਜ<br>ਮਕਾਨ ਨੰ-78, ਸੈਕਟਰ-27, ਚੰਡੀਗੜ੍ਹ। (ਸ਼੍ਰੀ ਐਮ.ਐਸ. ਲੁਬਾਣਾ ਜੀ ਦੀ ਅੰਤਿਮ ਅਰਦਾਸ ਤੇ ਦਾਨ ਦਿੱਤੇ) | 11,000/- | ਆਈ-97 | 31-10-2018 |
| 4. | ਸਰਦਾਰਨੀ ਬਲਵਿੰਦਰ ਕੌਰ<br>ਪਤਨੀ ਲੇਟ. ਮੇਜਰ ਮੱਖਣ ਸਿੰਘ, ਮਕਾਨ ਨੰ-75, ਗਲੀ ਨੰ-2, ਸਾਹਿਬਜ਼ਾਦਾ ਜੁਝਾਰ ਸਿੰਘ ਨਗਰ,<br>ਗੁੰਮਟਾਲਾ, ਅੰਮ੍ਰਿਤਸਰ (ਮੇਜਰ ਮੱਖਣ ਸਿੰਘ ਜੀ ਦੀ ਅੰਤਿਮ ਅਰਦਾਸ ਤੇ ਦਾਨ ਦਿੱਤੇ) | 5,100/- | ਆਈ-98 | 31-10-2018 |
| 5. | ਸ. ਜਗੀਰ ਸਿੰਘ<br>ਮਕਾਨ ਨੰ-152, ਅਰਬਨ ਐਸਟੇਟ, ਫੇਸ-2, ਜਲੰਧਰ। | 50,000/- | ਐਚ-8857 | 01-11-2018 |
| 6. | ਸ. ਗੁਰਦੀਪ ਸਿੰਘ ਸਪੁੱਤਰ ਸ. ਸੁਖਜੀਤ ਸਿੰਘ<br>ਯੂ.ਐਸ.ਏ. ਦੀ ਅਤਿੰਮ ਅਰਦਾਸ ਤੇ ਸ. ਲਖਵਿੰਦਰ ਸਿੰਘ ਹਾਲ ਵਾਸੀ- ਸੈਕਟਰ-68,<br>ਮੋਹਾਲੀ ਨੇ ਆਪਣੇ ਭਾਣਜੇ ਦੀ ਅਤਿੰਮ ਅਰਦਾਸ ਤੇ ਭਵਨ ਨੂੰ ਦਾਨ ਦਿੱਤੇ। | 11,000/- | ਐਨ-599 | 14-11-2018 |
| 7. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ<br>ਸੈਕਟਰ-30ਏ, ਚੰਡੀਗੜ੍ਹ। ਮਕਾਨ ਨੰ-1838, ਸੈਕਟਰ-7, ਮੋਹਾਲੀ। | 500/- | ਆਈ-99 | 16-11-2018 |
| 8. | ਲੈਕ. ਸ. ਗੁਲਸ਼ਨ ਕੁਮਾਰ ਸਿੰਘ ਵਾਇਸ ਪ੍ਰਧਾਨ<br>ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-3405, ਸੈਕਟਰ-40ਡੀ, ਚੰਡੀਗੜ੍ਹ। | 200/- | ਆਈ-100 | 16-11-2018 |
| 9. | ਸ. ਨਿਰਮਲ ਸਿੰਘ, ਸਕੱਤਰ ਮੈਨਟੇਨੈਂਸ,<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ-30ਏ, ਚੰਡੀਗੜ੍ਹ।<br>ਮਕਾਨ ਨੰ-2354, ਫੇਸ-10 ਮੋਹਾਲੀ। | 500/- | ਆਈ-101 | 16-11-2018 |

| | | | | |
|---|---|---|---|---|
| 10. | ਸੂਬੇਦਾਰ ਮੇਜਰ ਜਸਪਾਲ ਸਿੰਘ<br>ਮਕਾਨ ਨੰ–18, ਏ.ਕੇ.ਐਸ ਕਲੋਨੀ, ਜ਼ੀਰਕਪੁਰ। | 100/– | ਆਈ–102 | 16–11–218 |
| 11. | ਗੁਪਤ ਦਾਨ | 100/– | ਆਈ–103 | 16–11–2018 |
| 12. | ਸ. ਜੋਗਿੰਦਰ ਸਿੰਘ ਅਜੈਬ<br>ਕੋ. ਐਡੀਟਰ ਲੁਬਾਣਾ ਸੇਵਕ, ਮਕਾਨ ਨੰ–421ਏ,<br>ਮਹਾਰਾਜਾ ਰਣਜੀਤ ਸਿੰਘ ਅਵੈਨਿਊ, ਜਲੰਧਰ। | 500/– | ਆਈ–104 | 16–11–2018 |
| 13. | ਸੂਬੇਦਾਰ ਮੇਜਰ ਅਮਰਜੀਤ ਸਿੰਘ<br>ਮਕਾਨ ਨੰ–102, ਫੇਸ–3ਬੀ–1, ਸੈਕਟਰ–60, ਮੋਹਾਲੀ। | 200/– | ਆਈ–105 | 16–11–2018 |
| 14. | ਇੰਸਪੈਕਟਰ ਸ. ਭੁਪਿੰਦਰ ਸਿੰਘ<br>ਮਕਾਨ ਨੰ–3337, ਸੈਕਟਰ–51, ਚੰਡੀਗੜ੍ਹ। | 500/– | ਆਈ–106 | 16–11–2018 |
| 15. | ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ–42, ਸੈਕਟਰ–16, ਚੰਡੀਗੜ੍ਹ। | 500/– | ਆਈ–107 | 16–11–2018 |
| 16. | ਸ. ਅਮਰਜੀਤ ਸਿੰਘ, ਪੁੱਤਰ ਸ. ਗਿਆਨ<br>ਸਿੰਘ ਮੁਲਤਾਨੀ, ਮਕਾਨ ਨੰ–42, ਸੈਕਟਰ–16, ਚੰਡੀਗੜ੍ਹ। | 500/– | ਆਈ –108 | 16–11–2018 |
| 17. | ਪੰਡਿਤ ਸ਼੍ਰੀ ਰਾਮ ਕੁਮਾਰ,<br>ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ<br>ਸੈਕਟਰ 30–ਏ, ਚੰਡੀਗੜ੍ਹ। | 500/– | ਆਈ–109 | 16–10–2018 |
| 18. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>ਜਨਰਲ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ,<br>ਫਾਊਂਡੇਸ਼ਨ, ਸੈਕਟਰ–30 ਏ ਚੰਡੀਗੜ੍ਹ।<br>ਮਕਾਨ ਨੰ–2218, ਸੈਕਟਰ–38ਸੀ. ਚੰਡੀਗੜ੍ਹ। | 1100/– | ਆਈ–110 | 16–11–2018 |
| 19. | ਸ. ਚਰਨਜੀਤ ਸਿੰਘ ਲੁਬਾਣਾ<br>ਮਕਾਨ ਨੰ– ਐਚ.ਐਲ–600, ਫੇਸ–9, ਮੋਹਾਲੀ।<br>ਪ੍ਰਧਾਨ ਯੁਨਾਈਟਿਡ ਵੈਲਫੇਅਰ ਐਸੋਸੀਏਸ਼ਨ, ਸੈਕਟਰ–63, ਫੇਸ–9, ਮੋਹਾਲੀ। | 500/– | ਆਈ–111 | 16–11–2018 |
| 20. | ਸ਼੍ਰੀ ਐਨ.ਪੀ. ਸਿੰਘ<br>ਸਟਾਰ ਇਨੰਕਲੇਵ, ਸੈਕਟਰ–48–ਸੀ,ਚੰਡੀਗੜ੍ਹ। | 200/– | ਆਈ–112 | 16–11–2018 |
| 21. | ਗੁਪਤ ਦਾਨ | 100/– | ਆਈ–113 | 16–11–2018 |
| 22. | ਸ. ਗੁਰਬਚਨ ਸਿੰਘ<br>ਮਕਾਨ ਨੰ–2808/2, ਸੈਕਟਰ–47–ਸੀ, ਚੰਡੀਗੜ੍ਹ। | 100/– | ਆਈ–114 | 16–11–2018 |
| 23. | ਕਰਨਲ ਗੁਰਦੀਪ ਸਿੰਘ<br>ਮਕਾਨ ਨੰ–62, ਸੈਕਟਰ–71, ਮੋਹਾਲੀ। | 500/– | ਆਈ–116 | 16–11–2018 |

| | | | | |
|---|---|---|---|---|
| 24. | ਡਾ. ਹਰਜਿੰਦਰ ਸਿੰਘ ਮੁਲਤਾਨੀ<br>ਸਪੁੱਤਰ ਲੇਟ ਸ. ਅਮਰੀਕ ਸਿੰਘ ਮੁਲਤਾਨੀ (ਸਾਬਕਾ ਜਨਰਲ ਸਕੱਤਰ)<br>ਮਕਾਨ ਨੰ-2102, ਫੇਸ-10, ਮੋਹਾਲੀ। | 500/- | ਆਈ-117 | 16-11-2018 |
| 25. | ਸ. ਬਲਵਿੰਦਰ ਸਿੰਘ ਮੁਲਤਾਨੀ<br>ਸੀਨੀਅਰ ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ।<br># 541, ਫੇਸ-3, ਮੋਹਾਲੀ। | 200/- | ਆਈ-118 | 16-11-2018 |
| 26. | ਸ. ਜਗਮੋਹਨ ਸਿੰਘ<br>ਮਕਾਨ ਨੰ-390, ਸੈਕਟਰ-16, ਪੰਚਕੂਲਾ। | 1000/- | ਆਈ-119 | 16-11-2018 |
| 27. | ਸ. ਰਾਜਪਾਲ ਸਿੰਘ<br>ਰਿਜ਼ਨਲ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਚੰਡੀਗੜ੍ਹ। ਮਕਾਨ ਨੰ-43, ਮਨੀ ਮਾਜਰਾ। | 500/- | ਆਈ-120 | 16-11-2018 |
| 28. | ਸ. ਹਰਦਿਆਲ ਸਿੰਘ ਘੋਤੜਾ<br>ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ।<br>ਮਕਾਨ ਨੰ-11, ਸੰਗਮ ਇਨਕਲੇਵ, ਸੈਕਟਰ-48ਏ, ਚੰਡੀਗੜ੍ਹ। | 200/- | ਆਈ-121 | 16-11-2018 |
| 29. | ਗੁਪਤ ਦਾਨ | 200/- | ਆਈ-122 | 16-11-2018 |
| 30. | ਸ. ਸੁਰਿੰਦਰ ਸਿੰਘ ਚੰਡੀਗੜ੍ਹ | 200/- | ਆਈ-123 | 16-11-2018 |
| 31. | ਗੁਪਤ ਦਾਨ | 100/- | ਆਈ-124 | 16-11-2018 |
| 32. | ਸ. ਹਰਭਜਨ ਸਿੰਘ ਡੀ.ਆਈ.ਜੀ.ਪੀ. (ਰਿਟਾ.)<br>ਵਾਈ-204, ਫੈਲਕੋਨ ਵਿਊ, ਏਅਰਪੋਰਟ ਰੋਡ,<br>ਸੈਕਟਰ-66-ਏ, ਐਸ.ਏ.ਐਸ. ਨਗਰ, ਮੋਹਾਲੀ। | 500/- | ਆਈ-125 | 16-11-2018 |
| 33. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>#795, ਫੇਸ-3ਬੀ-1, ਮੋਹਾਲੀ। | 500/- | ਆਈ-126 | 16-11-2018 |
| 34. | ਸ. ਦਰਸ਼ਨ ਸਿੰਘ<br>ਮਕਾਨ ਨੰ-1204, ਸੈਕਟਰ-22-ਬੀ, ਚੰਡੀਗੜ੍ਹ। | 200/- | ਆਈ-127 | 16-11-2018 |
| 35. | ਸ. ਪ੍ਰਤਾਪ ਸਿੰਘ<br>ਮਕਾਨ ਨੰ-5701, ਸੈਕਟਰ-38-ਵੈਸਟ, ਚੰਡੀਗੜ੍ਹ। | 100/- | ਆਈ-128 | 16-11-2018 |
| 36. | ਸ. ਜਰਨੈਲ ਸਿੰਘ ਲਾਲੀਆ<br>ਮਕਾਨ ਨੰ-60, ਸੈਕਟਰ-23, ਪੰਚਕੂਲਾ। | 100/- | ਆਈ-129 | 16-11-2018 |

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ**
**ਕੱਖਾਂ ਵਾਂਗੂ ਰੁੱਲ ਜਾਵੋਗੇ**

# "YOU CANNOT BUY YOUR HEALTH!! YOU MUST EARN IT THROUGH HEALTHY"

**1. PROTEIN:- (a) Functions:** Important for GROWTH AND DEVELOPMENT of your child also important for making and repairing cells.

**(b) Sources:** Good Sources include poultry, meat, fish, beans,nuts,dairy, products and soy.

**2. FIBER:- (a) Functions:** Important for PREVENTING CONSUMPTIONS also peeps decrease the risk of type 2 Diabetes, Heart deceases and high cholesterol later in life.

**(b) Sources:** Good sources includes fresh fruits with the skin on , dried fruits, vegetables beans/legumes whole grain such as brown rice and whole wheat bread.


ਹਰਪ੍ਰੀਤ ਕੌਰ ਪੇਲੀਆ
ਜਨਰਲ ਸਕੱਤਰ
98763-58250




**3. CALCIUM:- (a) Functions :** Important for STRONG BONES AND TEATH helps with muscles functioning, blood clotting nerve transmission.

**(b) Sources**: Good sources include dairy products, leafy green vegetables, calcium fortified foods such as orange juice and tofu.

**4. Iron :- (a) Functions:** Important for your child's growth also important for

FORMING HOMOGLOBIN to carry OXYGEN through the body, a lack of it can lead to fatigue.

**(b) Sources:** Good sources include poultry, meat, fish, egg, raisins, leafy green vegetables, beans and enriched grains.

**5.VITAMIN- A:- (a) Functions:** Important for EYESIGHT growth functioning of the IMMUNE SYSTEM and HEALTHY SKIN.

**(b) Sources:** Good sources include dark green vegetables such as spinach, orange, fruits and vegetables such as sweet potatoes and papaya, dairy products fortified with VITAMIN-A such as milk, eggs.

**6. VITAMIN-C:- (a) Functions:** Important for decreasing risk of colds, infections, recurrent ear infections, wound healing, keeping gums, skin and muscles healthy, aids in brain functions, also an antioxidant.

**(b) Sources:** Good sources include citrus fruits, broccoli, strawberries, tomatoes, bell peppers, kale.

**7. VITAMIN-D:- (a) Functions:** Important for STRONG BONES AND TEATH because it helps absorb calcium, also important in IMMUNE FUNCTION.

**(b) Sources:** Good sources include milk fortified with VITAMIN-D, tatty fish, egg yolk and the sun (depending on latitude and time of year).

**How Emotions Affect Our Body**

1. Anger weakens your liver.
2. Grief weakens your lungs.
3. Stress weakens your heart and brain.
4. Worry weakens your stomach.
5. Tear weakens your kidneys.
6. Love brings in peace and harmony and strengthens your mind and body.
7. Laughter reduces stress.
8. Smile spreads happiness.

**Top 10 Fitness Facts**

1. Exercise boosts brain power.
2. Exercise gives you energy.
3. Movement melts away stress.
4. It's easy to find time for fitness.
5. Exercise builds relationship.
6. Exercise helps ward off disease.
7. Exercise boosts performance.
8. Exercise lets you eat more.
9. Weight loss is not the most important goal.
10. Fitness pumps up your heart.

# Career After +2

ਇੰਜੀਨੀਅਰ ਪਰਮਿੰਦਰਜੀਤ ਸਿੰਘ/ 99153-57524



## NUTRITION AND DIETETICS

Dietetics, the science of managing food and nutrition for good health, is a relatively new profession. The professional trained in dieticians or nutritionists-help in promoting sound health.

They help you choose what to eat, how much to eat and when to eat in order to stay fit.

Those who look forward to a career as Dietician or Nutritionist can work in all hospitals sports Institutes, good schools, Food-manufacturing Industries and catering departments.

* The Universities, Degree, Diploma and Certifiactes Course offered by the in this field for pass in 10+2 or equivalent examination are given below :
* Mangalore University, University Campus Mangalagangathri-574199, Karnataka.
  **Course :** B.A. with Applied Nutrition and Management of Food Services.
* University of Mumbai, MG Road Fort, Mumbai-400032 Maharashtra.
  **Course :** B.A. (Nutrition)
* University of Delhi, Delhi-110007
  **Courses :** B.A. with Nutrition and Health Education as a subject: B.Sc. with food tech as subject; B.Sc. with Nutrition and Health Education as a subject.
* University of Mysore, Mysore Vishwa-Vidyalaya, Karya Soudha Crowford Hall, Mysore-570005 Karnataka.
  **Courses :** B.Sc. in Applied Nutrition; B.Sc. in Human Nutrition.
* Osmania University , Administrative Building. Hyderabad-500007. Andhra Pradesh
  **Courses :** B.Sc. with Applied Nutrition as one of the subject others are Chemistry, Botany/Zoology; B.Sc. with Applied Nutrition & Public Health as one subject and others are Botany, Zoology, Chemistry.
* University of Chennal, Centenary Buildings, Chepauk, Chennai-600005 Tamil Nadu.
  **Courses :** B.Sc. in food service management and Dietietics with Allied subjects as Physics, Botany, Zoology, Biology, Energy, Utilization and waste recycling food production, Preservation and Past Harvest Technology.
* Prof. Dhanapalam College for Women, Old Mahabalipuram Road, Kelambakkam, Chennai-603103 Tamil Nadu.
  **Courses :** B.Sc. Nutrition & Dietetics
  For further details contact the concerned University/Institute.
* DAV College for Girls (Kurukshetra University), Jagadhri Road, Yamuna Nagar-135001
  **Courses :** B.Sc. (Food Science and Quality Control) For details contact the College.
  Ph.: 01732-224674, 228152; Fax : 01732-260561; Email:davcollegeynr@rediffmail.com
* Department of Food Science & Technology, Amritsar, Punjab.
  **Courses :** B.Tech. (Food Technology)
  For details refer Section ‘Engineering’ under Guru Nanak Dev University in Punjab State.
* Harcourt Butler Technological Institute, Kanpur, Uttar Pradesh.
  **Courses :** B. Tech. (Food)
  For details refer Section ‘Engineering’ under shri Shahuji Maharaj Kanpur University in UP State.

* Bharath College of Science and Management (Affil to Bharathidasan University), Near New Bus Stand, Trichy Road, Thanjavur-613005 TN.
  **Courses :** B.Sc. (Nutrition & Dietetics)
  Contact for details.
  Ph.: 04362-2327166, 2326735, 2355525; Fax: 04362-2332567, Email: bharathcollege@hotmail.com
* There are many other Institute offering specialised courses for securing good job.
* National Institute of Nutrition, Hyderabad. Tel: 91-40-27008921-27, Fax: 91-40-27019074, E-mail:nin@ap.nic.in,
  Website : http://www.ninindia.org/contact.htm
* Jawaharlal Nehru Technological University, Hyderabad, Tel: 91-40-23158661, 23158664: E-mail: hyd2_jntuadm@sanharnet.in
  Website : http://www.jntu.ac.in/index.htm
* Central Food Technology Research Institute, University of Mysore-570013, Website: http://www.cftri.com, http://www.cftri.org
* SNDT Women's University, 1, Nathibal Thackersay Road, New Marine Lines, Mumbai-400020; Tel: 91-22-22031879
  Website: http://www.sndt.ac.in/contactus.html
* Lady Irwin College, Sikandara Road, New Delhi-110001, Website: http:/www.ladyirwin.org, http://www.ladyirwin.edu.in
* Queen Mary's College, Mylapore, Chennai, Tel: 91-44-28445910: Fax: 91-44-28514052, Website: http://www.queenmarys.net
* Banasthali Vidyapith, P.O. Banasthali Vidyapith, Rajasthan, Tel: 91-01438-228341, 228787; Fax: 91-01438-228365, Website: http://www.banasthali.org
* Diploma in Applier Nutrition and Dietetics. Duration-2yr after 10+2 by Tamilnadu Dr. M.G.R. Medical University.

**Similar Courses**

* Karnataka State Open University/Mysore
* UP Rajarshi Tandon Open University/Allahabad
* College of Health Care and Philanthropy, Faridabad.

**Note : Also refer to Section 'Home Science'.**


# For General Knowledge

1. Main satellite tracking station o fIndia is located at :
   (a) Delhi (b) Bhapal (c) Ahmedabad (d) Kanpur
2. Satellite earth station that handles the traffic of southern and western regions is located at :
   (a) Pune (b) Bhopal (c) Nagpur (d) Vijaywada
3. In India rocket launching facilities exist at :
   (a) Bangalore (b) Hydrabad (c) Avadi (d) Thumba
4. First Indian operational satellite was
   (a) Apple (b) Insat (c) Ats-6 (d) Rohini
5. Which satellite was used for Site?
   (a) Insat (b) Apple (c) Bhaskara (d) Ats-6
6. Satellite used for international communication are :
   (a) Marisat (b) Comsat (c) Domsat (d) Intelsat

**Answer : 1. (C), 2. (a), 3. (a), 4. (b), 5. (d), 6. (d)**



# MATRIMONIAL



Suitalbe match for beautiful girl Age 27, Height: 5'3"Date of Birth: 17-Jan-1991, Education: Masters-Management College (s) Attended: Indian Institute of Technology Delhi - MBA in Operations and IT Deenbandhu Chhotu Ram University of Science & Technology - B.Tech in CSE, Working As: Group Manager with Amazon, Father-Businessman, Transportation, Mother-Home maker, Siblings: 1 younger brother, studying. Father's phone number 9416023670, Mothers phone number 9729471270

* * * * *

PROFESSIONALLY QUALIFIED GIRL REQUIRED FOR LOBANA SIKH BOY. BORN APRIL'1991, 5.10FT, BE, MBA (FIN), MNC ASSTT MANAGER. CONTACT - 09417145424, 08360907886.

* * * * *

Looking for a match for smart Lobana Sikh 26 years, fair, 183 cm, PG, permanent commissioned officer. The girl should be aged around 23 years, tall, beautiful, convent educated, fair and slim with clear complexion from educated family. The boy is clean shaven but supports turban during social engagements. Younger brother is also a commissioned officer. Father is serving officer in IAF while mother is home maker. Urban property in Chandigarh and Gurgaon.

Cont-WhatsApp:07042458041 or email: nikkymaniani@gmail.com.

* * * * *

Suitable match for beautiful girl D.O.B-28-06-1986/5’8”, education qualification- LLB & LLM from Punjabi University Patiala. Father retired form Army, two brothers, Address- VPO-Bhuna, Teshil-Guhla, Distt-Kaithal, Haryana. Contact- 98134-69205, 98158-62438

* * * * *

Suitable match for Manglik Sharma girl born on May 7, 1990, Height – 5’4”, Gotar :-Gautam/Kaushal, BEd, Med, MA English,UGC Net cleared CTET Cleared and HTET, PTET cleared , PhD pursuing. Serving an Assistant Professor in Mohali. Contact after matching kundali. Mob No.-99885-88123

* * * * *

Suitable match for handsome lobana boy Feb 1991/6'1" settled in USA (us citizen), business graduate from USA working as finance manager with General motors corporation. Father Retired as col from Indian army. Looking for well educated girl preferably in own community however caste is no bar, girl should be willing to settle abroad.

Whatsap Contact No. +18015006920.

* * * * *

SUITABLE MATCH FOR AMRITDHARI SIKH BOY-HEIGHT 5'7"/29-03-1990 TIME 8:02 PM, BE. SOFT ENGINEER, PACKAGE 1.10 LAC PER MONTH, ONE BROTHER SETTLED IN U.S.A, FATHER RETIRED FROM ARMY, MOTHER HOME MAKER, HAVING 20 ACRE OF LAND, BOY WILL SETTLED IN CHANDIGARH, FAMILY PURE AMRITDHARI, VILL- TALWANDI SALLAN, DISTT-HOSHIARPUR (PB.).

CONTACT : WHATSAPP NO - 79737-90020

* * * * *

SUITABLE MATCH FOR GURPREET SINGH HEIGHT- 6'2", D.O.B. 03-09-1991, COMPUTER ENGINEER (BANGALORE) REQUIRE DEDUCATED GIRL SAME LINE.

CONTACT NO-99881-60038

* * * * *

LUBANA SIKH FAMILY SEEKING A SUITABLE MATCH FOR THIER SON 28 , 5'11" HANDSOME,WELL SETTLED PERMANENT RESIDENT IN CANADA. GIRL SHOULD BE PROFESSIONALLY QUALIFIED WITH GOOD HEIGHT MATCH. 9872199909 FATHER NO.

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

## ਨਗਰ ਕੀਰਤਨ ਦਾ ਸਵਾਗਤ ਕਰਦੇ ਹੋਏ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੀ ਮੈਨੇਜਮੈਂਟ ਕਮੇਟੀ











Regd No. 32212/78 Postal No.-- G/CHD/0111/2018-2020

# Scholarship Committee Meeting on 28-11-18






ਸ੍ਰੀ ਗੁਰੂ ਨਾਨਕ ਦੇਵ ਜੀ ਦਾ 549ਵਾਂ ਪ੍ਰਕਾਸ਼ ਆਗਮਨ ਗੁਰਪੁਰਬ 'ਤੇ ਕੀਰਤਨੀ ਜਥੇ ਨੂੰ ਸਨਮਾਨਤ ਕਰਦੇ ਹੋਏ ਸਾਬਕਾ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਇੰਜ. ਹਰਭਜਨ ਸਿੰਘ, ਕਨਵੀਨਰ ਡੀ.ਐਸ.ਪੀ. ਮਹਿੰਦਰ ਸਿੰਘ ਅਤੇ ਹੋਰ ਕਮੇਟੀ ਮੈਂਬਰ